ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

**International Daily Newspaper & WEB TV**

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਐਤਵਾਰ, 6 ਜੁਲਾਈ 2025 (ਨਾਨਕਸ਼ਾਹੀ ਸੰਮਤ : ੫੫੭, ੨੨ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243





## ਅਮਰਨਾਥ ਯਾਤਰਾ ਦੌਰਾਨ ਬੱਸਾਂ ਦੀ ਟੱਕਰ; 36 ਲੋਕ ਜ਼ਖਮੀ, ਨਾਸ਼ਤੇ ਲਈ ਰੁਕਿਆ ਸੀ ਕਾਫਲਾ

**ਸ੍ਰੀਨਗਰ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿੱਚ ਸ਼ਨੀਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਅਮਰਨਾਥ ਯਾਤਰਾ 'ਤੇ ਜਾ ਰਹੇ ਘੱਟੋ-ਘੱਟ 36 ਸ਼ਰਧਾਲੂ ਜ਼ਖਮੀ ਹੋ ਗਏ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਸ਼ਰਧਾਲੂਆਂ ਦੇ ਕਾਫਲੇ ਵਿੱਚ ਇੱਕ ਹੋਰ ਬੱਸ ਨੇ ਪਿੱਛੇ ਤੋਂ ਚਾਰ ਬੱਸਾਂ ਨੂੰ ਟੱਕਰ ਮਾਰ ਦਿੱਤੀ। ਇਹ ਹਾਦਸਾ ਚੰਦਰਕੋਟ ਲੰਗਰ ਸਥਾਨ ਦੇ ਨੇੜੇ ਉਸ ਸਮੇਂ ਵਾਪਰਿਆ ਜਦੋਂ ਯਾਤਰਾ ਦਾ ਕਾਫਲਾ ਨਾਸ਼ਤੇ ਲਈ ਰੁਕਿਆ ਸੀ। ਪੁਲਿਸ ਦੇ ਅਨੁਸਾਰ ਸ਼ਰਧਾਲੂਆਂ ਦਾ ਕਾਫਲਾ ਨਾਸ਼ਤੇ ਲਈ ਨਿਰਧਾਰਤ ਆਰਾਮ ਸਥਾਨ ਚੰਦਰਕੋਟ 'ਤੇ ਰੁਕਿਆ ਸੀ। ਇਸ ਦੌਰਾਨ, ਇੱਕ ਚੱਲਦੀ ਬੱਸ ਦੇ ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਇਹ ਖੜ੍ਹੀਆਂ ਬੱਸਾਂ ਵਿੱਚ ਜਾ ਵੱਜੀ, ਜਿਸ ਕਾਰਨ ਕਈ ਬੱਸਾਂ ਨੂੰ ਨੁਕਸਾਨ ਪਹੁੰਚਿਆ ਅਤੇ ਯਾਤਰੀਆਂ ਨੂੰ ਸੱਟਾਂ ਲੱਗੀਆਂ। ਰਾਮਬਨ ਦੇ ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਕੁਲਬੀਰ ਸਿੰਘ ਨੇ ਕਿਹਾ ਕਿ ਕਾਫ਼ਲਾ ਚੰਦਰਕੋਟ ਵਿਖੇ ਨਾਸ਼ਤੇ ਲਈ ਰੁਕਿਆ ਸੀ ਜਦੋਂ ਪਿੱਛੇ ਤੋਂ ਆ ਰਹੀ ਇੱਕ ਬੱਸ ਚਾਰ ਖੜ੍ਹੀਆਂ ਬੱਸਾਂ ਨਾਲ ਟਕਰਾ ਗਈ। ਇਸ ਹਾਦਸੇ ਵਿੱਚ ਲਗਭਗ 36 ਯਾਤਰੀ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਮੁੱਢਲੀ ਸਹਾਇਤਾ ਤੋਂ ਬਾਅਦ, ਜ਼ਿਆਦਾਤਰ ਸ਼ਰਧਾਲੂ ਆਪਣੀ ਯਾਤਰਾ ਜਾਰੀ ਰੱਖਣ ਲਈ ਤਿਆਰ ਹਨ। ਹਾਲਾਂਕਿ, ਤਿੰਨ ਤੋਂ ਚਾਰ ਯਾਤਰੀਆਂ ਦੀਆਂ ਸੱਟਾਂ ਅਜਿਹੀਆਂ ਹਨ ਕਿ ਉਨ੍ਹਾਂ ਨੂੰ ਅੱਗੇ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

## ਅਲਰਟ ਹੀ ਅਲਰਟ

# 72 ਮੌਤਾਂ, 31 ਲਾਪਤਾ... 260 ਤੋਂ ਵੱਧ ਸੜਕਾਂ ਬੰਦ

**ਸ਼ਿਮਲਾ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹਿਮਾਚਲ ਪ੍ਰਦੇਸ਼ ਵਿੱਚ ਪਿਛਲੇ ਕੁਝ ਦਿਨਾਂ ਤੋਂ ਭਾਰੀ ਬਾਰਿਸ਼ ਕਾਰਨ 260 ਤੋਂ ਵੱਧ ਸੜਕਾਂ ਬੰਦ ਹਨ, ਜਿਨ੍ਹਾਂ ਵਿੱਚੋਂ 176 ਸੜਕਾਂ ਇਕੱਲੇ ਮੰਡੀ ਜ਼ਿਲ੍ਹੇ ਵਿੱਚ ਬੰਦ ਹਨ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਸਥਾਨਕ ਮੌਸਮ ਵਿਭਾਗ ਨੇ ਐਤਵਾਰ ਨੂੰ 'ਰੈੱਡ ਅਲਰਟ' ਜਾਰੀ ਕੀਤਾ ਹੈ, ਜਿਸ ਵਿੱਚ ਕਾਂਗੜਾ, ਸਿਰਮੌਰ ਅਤੇ ਮੰਡੀ ਜ਼ਿਲ੍ਹਿਆਂ ਵਿੱਚ ਕੁਝ ਥਾਵਾਂ 'ਤੇ ਭਾਰੀ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇਸ ਤੋਂ ਇਲਾਵਾ, ਊਨਾ, ਬਿਲਾਸਪੁਰ, ਹਮੀਰਪੁਰ, ਚੰਬਾ, ਸੋਲਨ, ਸ਼ਿਮਲਾ ਅਤੇ ਕੁੱਲੂ ਜ਼ਿਲ੍ਹਿਆਂ ਦੇ ਕੁਝ ਇਲਾਕਿਆਂ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਦੇ ਮੱਦੇਨਜ਼ਰ 'ਔਰੇਂਜ ਅਲਰਟ' ਜਾਰੀ ਕੀਤਾ ਗਿਆ ਹੈ। ਇੱਕ ਦਿਨ ਵਿੱਚ 115.6 ਮਿਲੀਮੀਟਰ ਅਤੇ 204.4 ਮਿਲੀਮੀਟਰ ਦੇ ਵਿਚਕਾਰ ਹੋਣ ਵਾਲੀ ਬਾਰਿਸ਼ ਨੂੰ ਬਹੁਤ ਭਾਰੀ ਬਾਰਿਸ਼ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ, ਜਦੋਂ ਕਿ 204.4 ਮਿਲੀਮੀਟਰ ਤੋਂ ਵੱਧ ਬਾਰਿਸ਼ ਨੂੰ ਬਹੁਤ ਭਾਰੀ ਬਾਰਿਸ਼ ਮੰਨਿਆ ਜਾਂਦਾ ਹੈ। ਪਿਛਲੇ ਸਾਲ ਭਾਰੀ ਮਾਨਸੂਨੀ ਬਾਰਿਸ਼ ਨੇ ਰਾਜ ਵਿੱਚ ਤਬਾਹੀ ਮਚਾ ਦਿੱਤੀ ਸੀ, ਜਿਸ ਵਿੱਚ 550 ਤੋਂ ਵੱਧ ਲੋਕ ਮਾਰੇ ਗਏ ਸਨ। ਮੌਸਮ ਵਿਭਾਗ ਨੇ ਲੋਕਾਂ ਨੂੰ ਜ਼ਮੀਨ ਖਿਸਕਣ, ਅਚਾਨਕ ਹੜ੍ਹ, ਪਾਣੀ ਭਰਨ ਅਤੇ ਕਮਜ਼ੋਰ ਢਾਂਚਿਆਂ, ਫਸਲਾਂ ਅਤੇ ਜ਼ਰੂਰੀ ਸੇਵਾਵਾਂ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਬਾਰੇ ਚੇਤਾਵਨੀ ਦਿੱਤੀ ਹੈ। ਇਸ ਨੇ ਨਦੀਆਂ ਅਤੇ ਨਾਲਿਆਂ ਤੋਂ ਦੂਰ ਰਹਿਣ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਨਾ ਜਾਣ ਦੀ ਸਲਾਹ ਵੀ ਦਿੱਤੀ ਹੈ। ਸਟੇਟ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਦੇ ਅਨੁਸਾਰ, ਹੁਣ ਤੱਕ ਨੁਕਸਾਨ ਦਾ ਅਨੁਮਾਨ ਲਗਭਗ 541 ਕਰੋੜ ਰੁਪਏ ਲਗਾਇਆ ਗਿਆ ਹੈ। ਹਾਲਾਂਕਿ, ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਹੈ ਕਿ ਅਸਲ ਨੁਕਸਾਨ ਲਗਭਗ 700 ਕਰੋੜ ਰੁਪਏ ਤੱਕ ਪਹੁੰਚ ਸਕਦਾ ਹੈ, ਕਿਉਂਕਿ ਅਜੇ ਵੀ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ। ਮੀਂਹ ਕਾਰਨ ਲਗਭਗ 300 ਟ੍ਰਾਂਸਫਾਰਮਰ ਅਤੇ 281 ਪੀਣ ਵਾਲੇ ਪਾਣੀ ਦੀਆਂ ਯੋਜਨਾਵਾਂ ਵੀ ਪ੍ਰਭਾਵਿਤ ਹੋਈਆਂ ਹਨ। ਸ਼ੁੱਕਰਵਾਰ ਸ਼ਾਮ ਤੋਂ ਰਾਜ ਦੇ ਕਈ ਹਿੱਸਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਈ। ਜੋਗਿੰਦਰਨਗਰ ਵਿੱਚ ਸਭ ਤੋਂ ਵੱਧ 52 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜਦੋਂ ਕਿ ਨਾਹਨ ਅਤੇ ਪਾਲਮਪੁਰ ਵਿੱਚ 28.8 ਮਿਲੀਮੀਟਰ, ਪਾਉਂਟਾ ਸਾਹਿਬ ਵਿੱਚ 21 ਮਿਲੀਮੀਟਰ, ਊਨਾ ਵਿੱਚ 18 ਮਿਲੀਮੀਟਰ, ਬਰਥਿਨ ਵਿੱਚ 17.4 ਮਿਲੀਮੀਟਰ, ਕਾਂਗੜਾ ਵਿੱਚ 15.6 ਮਿਲੀਮੀਟਰ ਅਤੇ ਨੈਣਾ ਦੇਵੀ ਵਿੱਚ 12.6 ਮਿਲੀਮੀਟਰ ਮੀਂਹ ਪਿਆ।



## ਪੰਜਾਬ ਲਈ ਖ਼ਤਰੇ ਦੀ ਘੰਟੀ, ਪੌਂਗ ਡੈਮ 'ਚ ਪਾਣੀ ਵਧਿਆ, ਸਾਵਧਾਨ ਤੇ ਤਿਆਰ ਰਹਿਣ ਦੀ ਹਦਾਇਤ

**ਤਲਵਾੜਾ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਲਗਾਤਾਰ ਪੈ ਰਹੇ ਮੀਂਹ ਕਾਰਣ ਪੌਂਗ ਡੈਮ ਵਿਚ ਪਾਣੀ ਦਾ ਪੱਧਰ ਵੱਧ ਗਿਆ ਹੈ। ਹਾਲਾਤ ਨੂੰ ਦੇਖਦੇ ਹੋਏ ਨਹਿਰੀ ਵਿਭਾਗ ਨੇ ਹੜ੍ਹਾਂ ਦੇ ਅਗਾਊਂ ਪ੍ਰਬੰਧਾਂ ਲਈ ਅਲਰਟ ਜਾਰੀ ਕੀਤਾ ਹੈ। ਨਹਿਰੀ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਨੇ ਪੱਤਰ ਜਾਰੀ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੌਕਸ ਰਹਿਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਨਹਿਰੀ ਵਿਭਾਗ ਨੇ ਇਹ ਪੱਤਰ ਬੀਬੀਐੱਮਬੀ ਪ੍ਰਸ਼ਾਸਨ ਵੱਲੋਂ ਜਾਰੀ ਨਿਰਦੇਸ਼ਾਂ ਦੇ ਆਧਾਰ 'ਤੇ ਜਾਰੀ ਕੀਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪੱਤਰ 'ਚ ਬੀਬੀਐੱਮਬੀ ਨੇ ਪੌਂਗ ਡੈਮ ਦੀ ਝੀਲ 'ਚ ਪਾਣੀ ਦਾ ਪੱਧਰ ਕਿਸੇ ਵੇਲੇ ਵੀ ਹੋਰ ਵੱਧਣ ਦਾ ਖਦਸ਼ਾ ਪ੍ਰਗਟਾਇਆ ਹੈ। ਇਸ ਵੇਲੇ ਪੌਂਗ ਡੈਮ 'ਚ ਪਾਣੀ ਦਾ ਪੱਧਰ 1320.40 ਫੁੱਟ 'ਤੇ ਪਹੁੰਚ ਚੁੱਕਾ ਹੈ। ਡੈਮ ਏਰੀਆ ਅਤੇ ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਮੀਂਹ ਪੈ ਰਿਹਾ ਹੈ ਅਤੇ ਕਿਸੇ ਵੀ ਸਮੇਂ ਡੈਮ 'ਚ ਪਾਣੀ ਦਾ ਪੱਧਰ ਹੋਰ ਵੱਧ ਸਕਦਾ ਹੈ ਜਿਸ ਤਹਿਤ ਡੈਮ ਵਿੱਚੋਂ ਸ਼ਾਹ ਨਹਿਰ ਬੈਰਾਜ ਅਤੇ ਅੱਗੇ ਬਿਆਸ ਦਰਿਆ ਵਿਚ ਪਾਣੀ ਛੱਡਣ ਦੀ ਸੰਭਾਵਨਾ ਹੈ। ਇਸ ਸੰਭਾਵੀ ਖਤਰੇ ਦੇ ਮੱਦੇਨਜ਼ਰ ਹੀ ਬੀਬੀਐੱਮਬੀ ਨੇ ਅਗਾਊਂ ਐਡਵਾਇਜ਼ਰੀ ਜਾਰੀ ਕੀਤੀ ਹੈ। ਨਹਿਰੀ ਵਿਭਾਗ ਨੇ ਸਥਾਨਕ ਪੌਂਗ ਡੈਮ ਅਧੀਨ ਪੈਂਦੇ ਜ਼ਿਲ੍ਹਾ ਹੁਸ਼ਿਆਰਪੁਰ, ਗੁਰਦਾਸਪੁਰ ਤੇ ਪਠਾਨਕੋਟ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਦੇ ਡਿਪਟੀ ਕਮਿਸ਼ਨਰ, ਸਬ ਡਿਵੀਜ਼ਨਲ ਮੈਜਿਸਟਰੇਟ ਮੁਕੇਰੀਆਂ, ਦਸੂਹਾ ਅਤੇ ਜ਼ਿਲ੍ਹਾ ਕਾਂਗੜਾ ਦੇ ਜਵਾਲੀ, ਨੂਰਪੁਰ, ਫਤਹਿਪੁਰ, ਇੰਦੌਰਾ ਦੇ ਐੱਸਡੀਐੱਮ ਤੇ ਸਬੰਧਤ ਥਾਣਾ ਮੁਖੀਆਂ ਨੂੰ ਅਗਾਊਂ ਪ੍ਰਬੰਧ ਮੁਕੰਮਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ।

## ਬੁੱਧ ਧਰਮੀਆਂ ਅਤੇ ਸਿੱਖ ਸ਼ਰਧਾਲੂਆਂ ਲਈ ਖੁਸ਼ਖਬਰੀ ! ਤੀਰਥ ਯਾਤਰਾ ਲਈ ਪ੍ਰਤੀ ਵਿਅਕਤੀ 10 ਹਜ਼ਾਰ ਰੁਪਏ ਦੇਵੇਗੀ ਯੋਗੀ ਸਰਕਾਰ

**ਲਖਨਊ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੋਧੀ ਅਤੇ ਸਿੱਖ ਸ਼ਰਧਾਲੂਆਂ ਦੀਆਂ ਧਾਰਮਿਕ ਤੀਰਥ ਯਾਤਰਾਵਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਇੱਕ ਵੱਡਾ ਫੈਸਲਾ ਲਿਆ ਹੈ। ਸ਼ਨੀਵਾਰ ਨੂੰ ਇੱਕ ਮਹੱਤਵਪੂਰਨ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਤੀਰਥ ਯਾਤਰਾ ਭਾਰਤੀ ਸੱਭਿਆਚਾਰ ਵਿੱਚ ਅਧਿਆਤਮਿਕ ਉੱਨਤੀ ਅਤੇ ਸਮਾਜਿਕ ਸਦਭਾਵਨਾ ਦਾ ਇੱਕ ਮਾਧਿਅਮ ਰਹੇ ਹਨ। ਅਜਿਹੀ ਸਥਿਤੀ ਵਿੱਚ ਇਹ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਨਾਗਰਿਕਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਨਾਲ ਸਬੰਧਤ ਸਥਾਨਾਂ ਤੱਕ ਪਹੁੰਚਣ ਵਿੱਚ ਸਹਾਇਤਾ ਪ੍ਰਦਾਨ ਕਰੇ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਬੋਧੀ ਸ਼ਰਧਾਲੂਆਂ ਦੀਆਂ ਵਿਸ਼ੇਸ਼ ਯਾਤਰਾਵਾਂ ਲਈ 'ਬੌਧ ਤੀਰਥ ਦਰਸ਼ਨ ਯੋਜਨਾ' ਅਤੇ ਸਿੱਖ ਸ਼ਰਧਾਲੂਆਂ ਲਈ 'ਪੰਚ ਤਖ਼ਤ ਯਾਤਰਾ ਯੋਜਨਾ' ਸ਼ੁਰੂ ਕੀਤੀ ਜਾਵੇ। ਇਨ੍ਹਾਂ ਯੋਜਨਾਵਾਂ ਰਾਹੀਂ ਸ਼ਰਧਾਲੂਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਉਹ ਆਪਣੇ ਧਰਮ ਦੇ ਪ੍ਰਮੁੱਖ ਤੀਰਥ ਸਥਾਨਾਂ ਦੇ ਆਸਾਨੀ ਨਾਲ ਦਰਸ਼ਨ ਕਰ ਸਕਣ। ਮੁੱਖ ਮੰਤਰੀ ਦੇ ਇਰਾਦੇ ਅਨੁਸਾਰ ਬੋਧੀ ਤੀਰਥ ਦਰਸ਼ਨ ਯੋਜਨਾ ਦਾ ਉਦੇਸ਼ ਸੂਬੇ ਦੇ ਹਿੰਦੂ/ਬੋਧ ਸ਼ਰਧਾਲੂਆਂ ਦੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਥਿਤ ਬੋਧੀ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਦੀ ਇੱਛਾ ਨੂੰ ਪੂਰਾ ਕਰਨਾ ਹੈ। ਮੁੱਖ ਮੰਤਰੀ ਨੇ ਯੋਜਨਾ ਦੇ ਲਾਭਪਾਤਰੀਆਂ ਦੀ ਚੋਣ ਵਿੱਚ ਬੋਧੀ ਭਿਕਸ਼ੂਆਂ ਨੂੰ ਤਰਜੀਹ ਦੇਣ ਦੇ ਨਿਰਦੇਸ਼ ਦਿੱਤੇ। ਇਸੇ ਤਰ੍ਹਾਂ ਪੰਚ ਤਖ਼ਤ ਯਾਤਰਾ ਯੋਜਨਾ ਸਿੱਖ ਸ਼ਰਧਾਲੂਆਂ ਲਈ ਹੋਵੇਗੀ। ਇਸ ਤਹਿਤ ਸੂਬੇ ਦੇ ਰਹਿਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਭਾਰਤ ਦੇ ਪੰਜ ਪਵਿੱਤਰ 'ਤਖ਼ਤ ਸਾਹਿਬ' ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ। ਤੁਹਾਨੂੰ ਦੱਸ ਦੇਈਏ ਕਿ ਸਿੱਖ ਪੰਥ ਲਈ ਪਵਿੱਤਰ ਪੰਜ ਤਖ਼ਤ ਸਥਾਨਾਂ ਵਿੱਚ 'ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਸ਼੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਸ਼੍ਰੀ ਤਖ਼ਤ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਰਾਸ਼ਟਰ) , ਸ਼੍ਰੀ ਹਰਿਮੰਦਰ ਜੀ ਸਾਹਿਬ (ਪਟਨਾ ਸਾਹਿਬ), ਬਿਹਾਰ ਸ਼ਾਮਲ ਹਨ। ਦੋਵੇਂ ਪ੍ਰਸਤਾਵਿਤ ਯੋਜਨਾਵਾਂ ਵਿੱਚ ਪ੍ਰਤੀ ਵਿਅਕਤੀ ਘੱਟੋ-ਘੱਟ 10,000 ਰੁਪਏ ਦੀ ਰਕਮ ਗ੍ਰਾਂਟ ਵਜੋਂ ਪ੍ਰਦਾਨ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਦੋਵਾਂ ਯੋਜਨਾਵਾਂ ਲਈ ਅਰਜ਼ੀ ਪ੍ਰਕਿਰਿਆ ਪੂਰੀ ਤਰ੍ਹਾਂ ਔਨਲਾਈਨ ਰੱਖੀ ਜਾਵੇ, ਕਮਜ਼ੋਰ ਆਮਦਨ ਵਾਲੇ ਲੋਕਾਂ ਨੂੰ ਸ਼ਰਧਾਲੂਆਂ ਦੀ ਚੋਣ ਵਿੱਚ ਪੂਰੀ ਪਾਰਦਰਸ਼ਤਾ ਨਾਲ ਤਰਜੀਹ ਦਿੱਤੀ ਜਾਵੇ। ਦੋਵੇਂ ਯੋਜਨਾਵਾਂ ਆਈਆਰਸੀਟੀਸੀ ਦੇ ਸਹਿਯੋਗ ਨਾਲ ਚਲਾਈਆਂ ਜਾਣਗੀਆਂ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਦੋਵਾਂ ਯੋਜਨਾਵਾਂ ਨੂੰ ਸ਼ਰਧਾਲੂਆਂ ਦੀ ਸਹੂਲਤ, ਸੁਰੱਖਿਆ ਅਤੇ ਧਾਰਮਿਕ ਆਸਥਾ ਨੂੰ ਪ੍ਰਮੁੱਖਤਾ ਦਿੰਦੇ ਹੋਏ ਲਾਗੂ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਯੋਜਨਾਵਾਂ ਸੂਬੇ ਦੀ ਸਮਾਵੇਸ਼ੀ ਵਿਕਾਸ ਨੀਤੀ ਅਤੇ 'ਸਬਕਾ ਸਾਥ, ਸਬਕਾ ਵਿਕਾਸ' ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਗੀਆਂ। ਇਹ ਰਾਜ ਦੀ ਧਾਰਮਿਕ ਸਹਿਣਸ਼ੀਲਤਾ ਅਤੇ ਸੈਰ-ਸਪਾਟੇ ਨੂੰ ਇੱਕ ਨਵਾਂ ਆਯਾਮ ਦੇਵੇਗਾ, ਨਾਲ ਹੀ 'ਏਕ ਭਾਰਤ ਸ੍ਰੇਸ਼ਠ ਭਾਰਤ' ਦੀ ਭਾਵਨਾ ਨੂੰ ਠੋਸ ਰੂਪ ਦੇਵੇਗਾ।



## ਸੁਖਬੀਰ ਸਿੰਘ ਬਾਦਲ ਮੁੜ ਤਨਖ਼ਾਹੀਆ ਕਰਾਰ

**ਅੰਮ੍ਰਿਤਸਰ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ। ਸੁਖਬੀਰ ਸਿੰਘ ਬਾਦਲ ਨੂੰ ਪੰਜ ਪਿਆਰਿਆਂ ਨੇ ਤਲਬ ਕੀਤਾ ਗਿਆ ਸੀ, ਪਰ ਉਹ ਨਿਰਧਾਰਿਤ ਸਮੇਂ ਵਿਚ ਉੱਥੇ ਪੇਸ਼ ਨਹੀਂ ਹੋਏ, ਜਿਸ ਮਗਰੋਂ ਸਿੰਘ ਸਾਹਿਬਾਨਾਂ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ। ਦੱਸ ਦਈਏ ਕਿ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੂੰ ਦੋਸ਼ ਮੁਕਤ ਐਲਾਨੇ ਜਾਣ ਮਗਰੋਂ ਇਹ ਵਿਵਾਦ ਸ਼ੁਰੂ ਹੋਇਆ ਸੀ, ਜਿਸ ਮਾਮਲੇ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ 20 ਦਿਨਾਂ ਦੇ ਅੰਦਰ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ ਸੀ। ਇਸ ਮਾਮਲੇ ਵਿਚ SGPC ਦਾ ਵਫ਼ਦ ਵੀ ਉੱਥੇ ਗਿਆ ਸੀ। ਇਸ ਤੋਂ ਬਾਅਦ SGPC ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ 15 ਦਿਨਾਂ ਦਾ ਹੋਰ ਸਮਾਂ ਮੰਗਿਆ ਗਿਆ ਸੀ, ਪਰ ਉਹ ਸਫ਼ਰ ਮੁੱਕ ਜਾਣ ਤੋਂ ਬਾਅਦ ਵੀ ਸੁਖਬੀਰ ਸਿੰਘ ਬਾਦਲ ਉੱਥੇ ਪੇਸ਼ ਨਹੀਂ ਹੋਏ, ਜਿਸ ਮਗਰੋਂ ਹੁਣ ਪੰਜ ਪਿਆਰਿਆਂ ਵੱਲੋਂ ਇਹ ਫ਼ੈਸਲਾ ਸੁਣਾਇਆ ਗਿਆ ਹੈ।



### ਤਖਤ ਸ੍ਰੀ ਪਟਨਾ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣਾ ਅਧਿਕਾਰਾਂ ਤੋਂ ਬਾਹਰੀ ਕਾਰਵਾਈ : ਐਡਵੋਕੇਟ ਧਾਮੀ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦੇ ਫੈਸਲੇ 'ਤੇ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਥ ਵਿੱਚ ਦੁਬਿਧਾ ਪਾਉਣ ਵਾਲੀ ਅਤੇ ਅਧਿਕਾਰਾਂ ਤੋਂ ਬਾਹਰੀ ਕਾਰਵਾਈ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਖਾਲਸਾ ਪੰਥ ਦੀਆਂ ਰਵਾਇਤਾਂ ਤੇ ਪਰੰਪਰਾਵਾਂ ਕੌਮ ਦੇ ਮਸਲੇ ਨਜਿੱਠਣ ਲਈ ਹਨ, ਨਾ ਕਿ ਕੌਮੀ ਸੰਕਟ ਪੈਦਾ ਕਰਨ ਲਈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਨੂੰ ਦਰਕਿਨਾਰ ਕਰਨਾ ਉਚਿਤ ਨਹੀਂ ਹੈ ਅਤੇ ਅਜਿਹੇ ਚਲਣ ਨਾਲ ਕੌਮ ਅੰਦਰ ਆਪਾ ਧਾਪੀ ਵਾਲਾ ਮਾਹੌਲ ਪੈਦਾ ਹੋਵੇਗਾ। ਉਨ੍ਹਾਂ ਕਿਹਾ ਕਿ ਬੇਸ਼ਕ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਸਿੱਖ ਜਗਤ ਅੰਦਰ ਵੱਡਾ ਸਤਿਕਾਰ ਹੈ, ਪ੍ਰੰਤੂ ਪੰਥਕ ਮਾਮਲਿਆਂ ਨੂੰ ਵਿਚਾਰਨ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸੇ ਵੀ ਪੰਥਕ ਮਾਮਲੇ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਮਿਲ ਕੇ ਬੈਠਣ ਅਤੇ ਫੈਸਲੇ ਲੈਣ ਦੀ ਲੰਬੀ ਇਤਿਹਾਸਕ ਪ੍ਰੰਪਰਾ ਰਹੀ ਹੈ।



## ਮੂਸੇਵਾਲਾ ਦੇ ਕਾਤਲ ਦੇ ਭਰਾ ਦਾ ਸ਼ਰੇਆਮ ਪਿੰਡ ਵਿਚਾਲੇ ਗੋਲ਼ੀਆਂ ਮਾਰ ਕੇ ਕੀਤਾ ਕਤਲ, ਬੰਬੀਹਾ ਗੈਂਗ ਨੇ ਲਈ ਜ਼ਿੰਮੇਵਾਰੀ, ਪੁਲਿਸ ਨੇ ਇਲਾਕਾ ਕੀਤਾ ਸੀਲ



**ਅੰਮ੍ਰਿਤਸਰ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਵਿੱਚ ਸ਼ਨੀਵਾਰ ਨੂੰ ਦਿਨ-ਦਿਹਾੜੇ 28 ਸਾਲਾ ਨੌਜਵਾਨ ਜੁਗਰਾਜ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਕਰਨ ਵਾਲੇ ਸ਼ੂਟਰ ਜਗਰੂਪ ਸਿੰਘ ਉਰਫ਼ ਰੂਪਾ ਦਾ ਭਰਾ ਸੀ। ਹਮਲਾਵਰਾਂ ਨੇ ਇਸ ਅਪਰਾਧ ਨੂੰ ਖੁੱਲ੍ਹੇਆਮ ਅੰਜਾਮ ਦਿੱਤਾ, ਜੋ ਕਿ ਨੇੜਲੇ ਸੀਸੀਟੀਵੀ ਕੈਮਰੇ ਵਿੱਚ ਵੀ ਰਿਕਾਰਡ ਹੋਇਆ ਹੈ। ਪੁਲਿਸ ਅਨੁਸਾਰ, ਥਾਣਾ ਮਹਿਤਾ ਅਧੀਨ ਪੈਂਦੇ ਪਿੰਡ ਚੰਨਣਕੇ ਵਿੱਚ 3 ਅਣਪਛਾਤੇ ਨੌਜਵਾਨਾਂ ਨੇ ਜੁਗਰਾਜ ਸਿੰਘ 'ਤੇ ਗੋਲੀਬਾਰੀ ਕੀਤੀ। ਤਿੰਨੋਂ ਬਦਮਾਸ਼ ਬਾਈਕ 'ਤੇ ਆਏ ਸਨ। ਉਨ੍ਹਾਂ ਨੇ ਜੁਗਰਾਜ ਸਿੰਘ 'ਤੇ ਬਹੁਤ ਨੇੜਿਓਂ ਗੋਲੀਬਾਰੀ ਕੀਤੀ, ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਬੰਬੀਹਾ ਗੈਂਗ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ। ਕਤਲ ਦਾ ਕਾਰਨ ਜੱਗੂ ਭਗਵਾਨਪੁਰੀਆ ਦਾ ਸਮਰਥਨ ਦੱਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਇਸ ਵਿੱਚ ਇੱਕ ਚੇਤਾਵਨੀ ਵੀ ਲਿਖੀ ਗਈ ਹੈ, 'ਜੋ ਭੌਂਕ ਰਹੇ ਹਨ, ਉਹ ਵੀ ਤਿਆਰ ਰਹਿਣ। ਸਾਡਾ ਧਿਆਨ ਸਾਰਿਆਂ 'ਤੇ ਹੈ।' ਹਾਲਾਂਕਿ, ਏਬੀਪੀ ਸਾਂਝਾ ਇਸ ਪੋਸਟ ਦੀ ਪੁਸ਼ਟੀ ਨਹੀਂ ਕਰਦਾ ਹੈ। ਪੁਲਿਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ। ਕਤਲ ਤੋਂ ਬਾਅਦ ਜਾਰੀ ਕੀਤੀ ਗਈ ਪੋਸਟ ਵਿੱਚ ਲਿਖਿਆ ਹੈ - ਮੇਰੇ ਸਾਰੇ ਭਰਾਵਾਂ ਨੂੰ ਸਤਿ ਸ਼੍ਰੀ ਅਕਾਲ। ਮੈਂ, ਡੋਨੀ ਬਲ, ਮੁਹੱਬਤ ਰੰਧਾਵਾ ਤੇ ਕੌਸ਼ਲ ਚੌਧਰੀ ਚੰਨਣਕੇ ਪਿੰਡ ਵਿੱਚ ਜੁਗਰਾਜ ਸਿੰਘ ਉਰਫ਼ ਤੋਤਾ ਦੇ ਕਤਲ ਦੀ ਜ਼ਿੰਮੇਵਾਰੀ ਲੈਂਦੇ ਹਾਂ। ਇਸ ਮਾਮਲੇ ਵਿੱਚ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮਾਮਲਾ ਆਪਸੀ ਰੰਜਿਸ਼ ਦਾ ਜਾਪਦਾ ਹੈ, ਪਰ ਸੀਸੀਟੀਵੀ ਫੁਟੇਜ ਅਤੇ ਚਸ਼ਮਦੀਦਾਂ ਦੇ ਬਿਆਨਾਂ ਦੇ ਆਧਾਰ 'ਤੇ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ। ਤਿੰਨ ਹਮਲਾਵਰਾਂ ਦੀ ਭਾਲ ਲਈ ਨਾਕਾਬੰਦੀ ਕਰ ਦਿੱਤੀ ਗਈ ਹੈ ਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ ਪਿੰਡ ਰੋਡੇ 2.6.1947 Birth Pind Rode

ਸ਼ਹੀਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 6.6.1984 Shaheedi Sri Darbar Sahib Amritsar



www.damdamitaksal.net

Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net


ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)

ਨਾਮ ਜਪੋ ਕਿਰਤ ਕਰੋ ਵੰਡ ਛਕੋ — Naam Japo Kirat Karo Vand Shako

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ ਯੂ.ਕੇ. ਮੁੱਖ ਸੰਪਾਦਕ Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ



ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV





ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
SOUTHALL
ਆਵਾਜ਼ਿ ਕੌਮ
AWAZE QAUM
International Newspaper & WEB TV
SUNDAY 20TH JULY | 1PM
SRI GURU SINGH SABHA SOUTHALL
2-8 PARK AVE | SOUTHALL | UB1 3AG
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS

ੴ ਵਾਹਿਗੁਰੂ ਜੀ ਕੀ ਫ਼ਤਹ॥

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ



ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਪਾ: ਨੌਵੀਂ (ਪਟਿਆਲਾ)

ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਤੇ ਭਾਈ ਮਤੀ ਦਾਸ ਜੀ ਦੇ

## ੩੫੦ ਸਾਲਾ ਸ਼ਹੀਦੀ ਦਿਵਸ



ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ੩੫੦ ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ

# ਮਹਾਨ ਗੁਰਮਤਿ ਸਮਾਗਮ

੨੦, ੨੧, ੨੨ ਹਾੜ, ਨਾਨਕਸ਼ਾਹੀ ਸੰਮਤ ੫੫੭ (04, 05, 06 ਜੁਲਾਈ, 2025) ਦਿਨ ਸ਼ੁੱਕਰਵਾਰ, ਸ਼ਨਿੱਚਰਵਾਰ ਤੇ ਐਤਵਾਰ ਨੂੰ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਪਾਤਸ਼ਾਹੀ ਨੌਵੀਂ, ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ:** 04 ਜੁਲਾਈ, 2025 ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ:** 06 ਜੁਲਾਈ, 2025 ਦਿਨ ਐਤਵਾਰ ਸਵੇਰੇ 09:30 ਵਜੇ

### ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨੀ, ਸ਼ਬਦ ਕੀਰਤਨ, ਕਵੀਸ਼ਰੀ ਅਤੇ ਢਾਡੀ ਵਾਰਾਂ

੨੧ ਹਾੜ, ਨਾਨਕਸ਼ਾਹੀ ਸੰਮਤ ੫੫੭ (05 ਜੁਲਾਈ, 2025) ਦਿਨ ਸ਼ਨਿੱਚਰਵਾਰ

ਸਮਾਂ: ਸਵੇਰੇ 10:00 ਤੋਂ ਦੁਪਹਿਰ 02:00 ਵਜੇ ਤੀਕ



### ਅੰਮ੍ਰਿਤ ਸੰਚਾਰ

05 ਜੁਲਾਈ, 2025 (ਦਿਨ ਸ਼ਨਿੱਚਰਵਾਰ) ਸਵੇਰੇ 11:00 ਵਜੇ

ਸਥਾਨ: ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ, ਪਾ: ਨੌਵੀਂ, ਪਟਿਆਲਾ।

### ਮੁੱਖ ਸਮਾਗਮ

੨੨ ਹਾੜ, ਨਾਨਕਸ਼ਾਹੀ ਸੰਮਤ ੫੫੭ (06 ਜੁਲਾਈ, 2025) ਦਿਨ ਐਤਵਾਰ

ਸਮਾਂ: ਸਵੇਰੇ 10:00 ਤੋਂ ਦੁਪਹਿਰ 03:00 ਵਜੇ ਤੀਕ

**ਪਹੁੰਚ ਰਹੇ ਪੰਥ ਪ੍ਰਸਿੱਧ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰੀ ਜਥੇ**

- ਭਾਈ ਗੁਰਭੇਜ ਸਿੰਘ ਜੀ ਚਵਿੰਡਾ, ਢਾਡੀ ਜਥਾ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ।
- ਸਮੂਹ ਰਾਗੀ ਜਥੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ।
- ਭਾਈ ਸਰੂਪ ਸਿੰਘ ਜੀ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।
- ਭਾਈ ਸ਼ੁਭਦੀਪ ਸਿੰਘ ਜੀ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।
- ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਜੀ, ਗੁੰਬੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।
- ਗਿਆਨੀ ਪ੍ਰਿਤਪਾਲ ਸਿੰਘ ਜੀ, ਕਥਾਵਾਚਕ ਕਮ ਹੈੱਡ ਗ੍ਰੰਥੀ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ।

**ਪਹੁੰਚ ਰਹੀਆਂ ਸਤਿਕਾਰਯੋਗ ਸ਼ਖ਼ਸੀਅਤਾਂ**

ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ, ਸਿੰਘ ਸਾਹਿਬਾਨ, ਮੈਂਬਰ ਸਾਹਿਬਾਨ, ਸਭਾ-ਸੁਸਾਇਟੀਆਂ, ਸੇਵਾਪੰਥੀ ਸੰਸਥਾਵਾਂ, ਕਾਰ ਸੇਵਾ ਵਾਲੇ ਸੰਤ-ਮਹਾਂਪੁਰਸ਼, ਸਮੂਹ ਨਿਹੰਗ ਸਿੰਘ ਜਥੇਬੰਦੀਆਂ, ਪੰਥਕ ਧਾਰਮਿਕ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ।

**ਪੁਸਤਕ ਅਤੇ ਚਿੱਤਰ ਪ੍ਰਦਰਸ਼ਨੀ**

04, 05, 06 ਜੁਲਾਈ, 2025 ਨੂੰ ਪੁਸਤਕ ਅਤੇ ਚਿੱਤਰ ਪ੍ਰਦਰਸ਼ਨੀ ਲਗਾਈ ਜਾਵੇਗੀ।

ਸਾਰੇ ਸਮਾਗਮਾਂ ਦਾ ਪ੍ਰਸਾਰਨ ਪੀ.ਟੀ.ਸੀ. ਚੈਨਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ Facebook ਅਤੇ Youtube ਪੇਜ 'ਤੇ Live ਕੀਤਾ ਜਾਵੇਗਾ।

LIVE ON @sgpcamritsar.org @SGPCSriamritsar



ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਗੁਰਮਤਿ ਸਮਾਗਮਾਂ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਗੁਰੂ-ਪੰਥ ਦੇ ਸੇਵਕ

**ਸਮੂਹ ਮੈਂਬਰ ਸਾਹਿਬਾਨ**
ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

**ਐਡਵੋਕੇਟ ਹਰਜਿੰਦਰ ਸਿੰਘ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸੂਰਾ ਸੋ ਪਿਹਚਾਨੀਐ ਜੁ ਲਰੈ ਦੀਨ ਕੇਿਹੇਤ
ਪੁਰਜਾਪੁਰਜਾਕਿਟਮਰੈਕਬਹੂਨ ਛਾਡੈ ਖੇਤੁ॥੨॥੨॥'



Dhan Dhan Shaheed Baba Banda Singh Ji Bahadur De Shaheedi Yaad.
Vich Annual Akhand Path Sahib

**Akhand Path Aram Friday 4th July – 10.00am**

**Akhand Path Bhog**
**Sunday 6th July 10.00am**

ਆਵਾਜ਼ਿ ਕੌਮ AWAZE QAUM International Newspaper & WEB TV

**After Bhog; Kirtan, and**
**Guru Ka Langar.**
**Please join us with your family and friends.**

Guru Nanak Gurudwara, Wednesfield 96 Well Lane, Wednesfield WV1 1XT Contact: J Singh 07401259555 P Singh 7764707028



ੴ ਸਤਿਗੁਰ ਪ੍ਰਸਾਦਿ

ਸਿਖਹੁ ਸੁਨਹੁ ਸੀਖ ਇਹ ਮੇਰੀ ॥ ਬਾਣੀ ਪੜਹੁ ਸੁਧ ਗੁਰ ਕੇਰੀ ॥ ਪੜ੍ਹੈ ਮਹਾਤਮ ਲਹੈ ਬਿਸਾਲਾ ॥ ਹਲਤ ਪਲਤ ਮਹਿ ਹੋਇ ਨਿਹਾਲਾ ॥



# ਗੁਰਦੁਆਰਾ ਸਾਹਿਬ ਰਿਵਰਸਾਈਡ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ,
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ 350 ਸਾਲਾ ਗੁਰਤਾਗੱਦੀ ਸ਼ਤਾਬਦੀ ਅਤੇ ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ







## ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ

ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ

## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ (ਸੰਥਿਆ) ਸਮਾਗਮ



**ਜੂਨ 29, 2025 ਤੋਂ ਅਗਸਤ 3, 2025 ਤੱਕ**

ਸ਼ਨੀਵਾਰ ਅਤੇ ਐਤਵਾਰ ਦੁਪਹਿਰ 2:00 ਤੋਂ 5:00 ਵਜੇ ਤੱਕ
ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 5:00 ਤੋ 8:00 ਵਜੇ ਤੱਕ



ਸੰਗਤਾਂ ਨੂੰ ਬੇਨਤੀ ਹੈ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਸਿੱਖਣ ਲਈ ਸਮਾਗਮਾਂ ਵਿੱਚ ਸ਼ਾਮਿਲ ਹੋ ਕੇ ਲਾਹਾ ਪ੍ਰਾਪਤ ਕਰੋ ਜੀ

YouTube LIVE STREAM @gurdwarasahibriverside | 951-201-7034, 832-541-9136, 951-685-9701

7940 Mission Blvd Jurupa Valley 92509

ਆਵਾਜ਼ਿ ਕੌਮ AWAZE QAUM International Newspaper & WEB TV





--✶ ਗੁਰੂ ਪੰਥ ਦਾ ਸੇਵਾਦਾਰ ✶--

# ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ

ਮੁਖੀ ਦਮਦਮੀ ਟਕਸਾਲ,
ਜਥਾ ਭਿੰਡਰਾਂ, ਮਹਿਤਾ

## ਅਤੇ ਪ੍ਰਧਾਨ ਸੰਤ ਸਮਾਜ




## ਸ੍ਰੀ ਅਖੰਡ ਪਾਠ ਸਾਹਿਬ

# SRI AKHAND PAATH SAHIB

## 18-20TH JULY 2025

**SRI GURU SINGH SABHA SOUTHALL, PARK AVENUE I UB13AG**

**ਸ਼ਹੀਦ ਜਨਰਲ ਲਾਭ ਸਿੰਘ ਮੁਖੀ ਖਾਲਿਸਤਾਨ ਕਮਾਂਡੋ ਫੋਰਸ : ਸ਼ਹੀਦ ਜਨਰਲ ਅਵਤਾਰ ਸਿੰਘ ਬ੍ਰਹਮਾ ਮੁਖੀ ਖਾਲਿਸਤਾਨ ਲਿਬਰੇਸ਼ਨ ਫੋਰਸ : ਸ਼ਹੀਦ ਜਨਰਲ ਗੁਰਜੰਟ ਸਿੰਘ ਬੁਧਸਿੰਘ ਵਾਲਾ ਮੁਖੀ ਖਾਲਿਸਤਾਨ ਲਿਬਰੇਸ਼ਨ ਫੋਰਸ : ਸ਼ਹੀਦ ਭਾਈ ਮਹਿੰਦਰ ਸਿੰਘ ਟੋਰੰਟੋ (ਕੈਨੇਡਾ)**

**ਸਿੱਖ ਫੈਡਰੇਸ਼ਨ ਯੂ. ਕੇ.**

ਪਰਮਿੰਦਰ ਸਿੰਘ ਬੱਲ ਪ੍ਰਧਾਨ, ਅਜੀਤਪਾਲ ਸਿੰਘ ਸਹੋਤਾ ਜਨਰਲ ਸਕੱਤਰ, ਹਰਮੇਲ ਸਿੰਘ ਖ਼ਾਲਸਾ ਆਰਗੇਨਾਈਜ਼ਰ ਟੈਲੀਫ਼ੋਨ : 07771 608 363, ਈ-ਮੇਲ : PSBAL46@gmail.com

# ⋆ ਸ਼ਹੀਦੀ ਸਮਾਗਮ ⋆

ਸ੍ਰੀ ਆਖੰਡ ਪਾਠ ਦੇ ਭੋਗ ਉਪਰੰਤ - 11 ਵਜੇ ਤੋਂ ਇਕ ਵਜੇ ਤੱਕ ਦੀਵਾਨ ਸਜੇਗਾ। ਪੰਥਕ ਬੁਲਾਰੇ ਸ਼ਹੀਦ ਸਿੰਘਾਂ ਦੀਆਂ ਜੀਵਨੀਆਂ ਤੇ ਵਿਚਾਰ ਰੱਖਣਗੇ। ਸਮੂੰਹ ਪੰਥਕ ਆਗੂਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਸੰਗਤਾਂ ਨੂੰ ਹੁੰਮ-ਹੁਮਾ ਕੇ ਪੁੱਜਣ ਦੀ ਅਪੀਲ ਕੀਤੀ ਜਾਂਦੀ ਹੈ।





# ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਲਿਆ ਗਿਆ ਫ਼ੈਸਲਾ ਸਿੱਖ ਰਵਾਇਤਾਂ ਦੇ ਉਲਟ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਵਾਲਾ: ਸਰਨਾ

ਨਵੀਂ ਦਿੱਲੀ 5 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਜੋ ਫੈਸਲਾ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆਂ ਕਰਾਰ ਦੇਣ ਦਾ ਕੀਤਾ ਗਿਆ ਹੈ । ਇਹ ਸਿੱਖ ਰਵਾਇਤਾਂ ਦੇ ਉਲਟ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਵਾਲਾ ਹੈ । ਕਿਉਂਕਿ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਕੋਲ ਇਸ ਤਰ੍ਹਾਂ ਦਾ ਕੋਈ ਅਧਿਕਾਰ ਨਹੀਂ ਕਿ ਉਹ ਕਿਸੇ ਵੀ ਸਿੱਖ ਨੂੰ ਇਸ ਤਰ੍ਹਾਂ ਤਨਖਾਹੀਆ ਕਰਾਰ ਦੇ ਸਕਣ । ਇਹ ਫੈਸਲਾ ਪਰਦੇ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਵਲੋਂ ਸਿੱਖ ਰਵਾਇਤਾਂ ਤੇ ਪਰੰਪਰਾਵਾਂ ਨੂੰ ਢਾਹ ਲਗਾਉਣ ਲਈ ਕੀਤਾ ਗਿਆ । ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਬਾਰੇ ਵੀ ਜੋ ਫੈਸਲਾ ਇਹਨਾਂ ਨੇ ਕੀਤਾ ਸੀ ਉਹ ਵੀ ਬਿਨਾਂ ਸ਼ੱਕ ਸਿੱਖ ਵਿਰੋਧੀ ਤਾਕਤਾਂ ਦੇ ਇਸ਼ਾਰਿਆਂ ਤੇ ਕੀਤਾ ਗਿਆ । ਇਹਨਾਂ ਫੈਸਲਿਆਂ ਦਾ ਨਾ ਕੋਈ ਆਧਾਰ ਹੈ ਤੇ ਨਾ ਕੋਈ ਅਧਿਕਾਰ ਹੈ । ਕਿਉਂਕਿ ਹਰੇਕ ਤਖ਼ਤ ਸਾਹਿਬ ਤੋਂ ਉਸ ਇਲਾਕੇ ਨਾਲ ਸਬੰਧਤ ਧਾਰਮਿਕ ਮਸਲੇ ਤੇ ਵਿਚਾਰੇ ਜਾ ਸਕਦੇ ਹਨ ਤੇ ਉਹਨਾਂ ਬਾਰੇ ਫੈਸਲਾ ਵੀ ਹੋ ਸਕਦਾ ਹੈ । ਪਰ ਸਾਂਝੇ ਕੌਮੀ ਮਸਲੇ ਸਿਰਫ ਤੇ ਸਿਰਫ ਸ੍ਰੀ ਅਕਾਲ ਤਖਤ ਸਾਹਿਬ ਤੇ ਹੀ ਹੋ ਸਕਦੇ ਹਨ । ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਤੇ ਪ੍ਰਬੰਧਕਾਂ ਵੱਲੋਂ ਬੇਗਾਨੇ ਹੱਥਾਂ ਵਿੱਚ ਖੇਡਦੇ ਹੋਏ ਇਹੋ ਜਿਹੇ ਆਪ ਹੁਦਰੇ ਫੈਸਲੇ ਕਰਨਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਆਪ ਸਾਜੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵੀ ਨਿਰਾਦਰ ਹੈ । ਇਹੋ ਜਿਹੇ ਮਸਲੇ ਨਾ ਪੈਦਾ ਹੋਣ ਤੇ ਸਮੁੱਚੀ ਸਿੱਖ ਕੌਮ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁਤ ਸਾਲ ਪਹਿਲਾਂ ਹੀ ਮਿਤੀ 19 ਨਵੰਬਰ 2003 ਨੂੰ ਉਸ ਵੇਲੇ ਦੇ ਪੰਜੇ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨਾਂ ਵੱਲੋਂ ਇਹ ਗੁਰਮਤਾ ਕੀਤਾ ਗਿਆ ਸੀ ਕਿ, " ਸਿੱਖ ਪਰੰਪਰਾ ਅਨੁਸਾਰ ਚਾਰ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਨੂੰ ਸਥਾਨਕ ਪੱਧਰ ਦੇ ਧਾਰਮਿਕ , ਸਮਾਜਿਕ ਤੇ ਸੱਭਿਆਚਾਰਕ ਮਸਲਿਆਂ ਬਾਰੇ ਫੈਸਲਾ ਕਰਨ ਦਾ ਅਧਿਕਾਰ ਹੈ । ਪਰ ਸਮੁੱਚੇ ਪੰਥ ਨਾਲ ਸਬੰਧਤ ਅਤੇ ਵਿਸ਼ਵ ਵਿਆਪੀ ਮਸਲੇ ਪੰਜ ਜਥੇਦਾਰ ਸਾਹਿਬਾਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੈਠਕੇ ਵਿਚਾਰਨ ਤੇ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਹੈ ।" ਇਹ ਗੁਰਮਤਾ ਦੱਸਦਾ ਹੈ ਕਿ ਇਸ ਤਰ੍ਹਾਂ ਦੇ ਮਸਲਿਆਂ ਬਾਰੇ ਫੈਸਲਾ ਲੈਣਾ ਦਾ ਉਹਨਾਂ ਨੂੰ ਕੋਈ ਅਧਿਕਾਰ ਨਹੀਂ ।



ਸੋ ਇਸ ਲਈ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਤੇ ਪ੍ਰਬੰਧਕਾਂ ਵੱਲੋਂ ਕੁਝ ਸਿਆਸੀ ਧਿਰਾਂ, ਅਹੁਦੇ ਤੋਂ ਹਟਾਏ ਜਥੇਦਾਰਾਂ ਤੇ ਬਾਗੀਆਂ ਸਮੇਤ ਪੰਥ ਵਿਰੋਧੀ ਤਾਕਤਾਂ ਦੇ ਹੱਥਾਂ 'ਚ ਖੇਡਦੇ ਹੋਏ ਕੀਤੇ ਲੱਗਦੇ ਹਨ ਪਰ ਇਹੋ ਜਿਹੇ ਫੈਸਲੇ ਕਰਨਾ ਕੌਮ ਨੂੰ ਢਾਹ ਲਗਾਉਣ ਦੀ ਕੋਸ਼ਿਸ ਤੋਂ ਬਿਨਾਂ ਹੋਰ ਕੁਝ ਨਹੀਂ। ਸਗੋਂ ਇਹ ਕੌਮ ਨੂੰ ਆਗੂ ਰਹਿਤ ਕਰਨ ਦੀ ਚਾਲ ਹੈ । ਪਰ ਅਜਿਹੀਆਂ ਚਾਲਾਂ ਸਫਲ ਨਹੀਂ ਹੋਣਗੀਆਂ। ਕਿਉਂਕਿ ਇਹ ਚਾਲਾਂ ਚੱਲਣ ਵਾਲਿਆਂ ਨਾਲ ਨਿਬੜਨਾ ਕੌਮ ਚੰਗੀ ਤਰ੍ਹਾਂ ਜਾਣਦੀ ਹੈ । ਅਜਿਹੇ ਫੈਸਲੇ ਲੈਣ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਮੁੱਚੇ ਗੁਰੂ ਪੰਥ ਨਾਲ ਟੱਕਰ ਲੈਣ ਦੀ ਬਜਾਏ ਇਹਨਾਂ ਫੈਸਲਿਆਂ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਤੇ ਹਾਜ਼ਰ ਹੋ ਕੇ ਖਿਮਾ ਜਾਚਨਾ ਕਰਨੀ ਚਾਹੀਦੀ ਹੈ । ਨਹੀਂ ਤੇ ਉਹਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸਥਾਨ ਤੇ ਬੈਠਕੇ ਉਹ ਪੰਥ ਵਿੱਚ ਬਖੇੜ ਪਾਉਣ ਲਈ ਇਹੋ ਜਿਹੀਆਂ ਗੱਲਾਂ ਕਰ ਰਹੇ ਹਨ । ਉਸਦਾ ਹਿਸਾਬ ਦਸਵੇਂ ਪਾਤਸ਼ਾਹ ਦੀ ਕਚਹਿਰੀ ਵਿੱਚ ਉਹਨਾਂ ਨੂੰ ਜ਼ਰੂਰ ਦੇਣਾ ਪਵੇਗਾ ।

ਆਵਾਜ਼ਿ ਕੌਮ AWAZE QAUM
International Newspaper & WEB TV

### ਪਿੰਡ ਵਡਾਲੀ ਡੋਗਰਾਂ ਵਿਖੇ ਆਪ ਦੇ ਸੀਨੀਅਰ ਆਗੂਆਂ ਵੱਲੋਂ ਦੌਰਾ ਕੀਤਾ ਗਿਆ

# ਸਰਕਾਰ ਦੀਆਂ ਨੀਤੀਆਂ ਤੋਂ ਕਰਵਾਇਆ ਜਾਣੂੰ-ਭਾਈ ਸਾਹਿਬ ਸਿੰਘ ਸੰਧੂ



**ਜੰਡਿਆਲਾ ਗੁਰੂ, 5 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਦੇ ਹਲਕਾ ਜੰਡਿਆਲਾ ਗੁਰੂ ਦੇ ਐਮਐਲਏ ਹਰਭਜਨ ਸਿੰਘ ਈਟੀਓ (ਬਿਜਲੀ ਅਤੇ ਸੜਕੀ ਮੰਤਰੀ ਆਮ ਆਦਮੀ ਪਾਰਟੀ) ਦੀ ਅਗਵਾਈ ਹੇਠ ਗੁਰਵਿੰਦਰ ਸਿੰਘ (ਚੇਅਰਮੈਨ ਮਾਰਕੀਟ ਕਮੇਟੀ ਮਹਿਤਾ ਚੌਂਕ),ਸਵਰਨ ਸਿੰਘ ਗਹਿਰੀ ਮੰਡੀ (ਬਲਾਕ ਪ੍ਰਧਾਨ) ਅਤੇ ਕੁਲਵੰਤ ਸਿੰਘ ਟਰਾਂਸਪੋਟਰ ਨੇ ਪਿੰਡ ਵਡਾਲੀ ਡੋਗਰਾਂ ਦਾ ਦੌਰਾ ਕੀਤਾ। ਉਨ੍ਹਾਂ ਪਿੰਡ ਦੇ ਸਰਪੰਚ ਸੰਦੀਪ ਸਿੰਘ ਮੌਜੀ ਦੇ ਘਰ ਹੋਏ ਪਿੰਡ ਵਾਸੀਆਂ ਦੇ ਇਕੱਠ ਨੂੰ ਸੰਬੋਧਨ ਕੀਤਾ ਤੇ ਸਰਕਾਰ ਦੀਆਂ ਉਪਲੱਬਧੀਆਂ ਅਤੇ ਨੀਤੀਆਂ ਤੋਂ ਜਾਣੂੰ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆ ਹੋਇਆ ਸ੍ਰੀ ਗੁਰੂ ਰਾਮਦਾਸ ਸਾਹਿਬ ਸੇਵਾ ਸੁਸਾਇਟੀ ਦੇ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਨੇ ਅੱਗੇ ਦੱਸਿਆ ਕਿ ਫਿਰ ਉਨ੍ਹਾਂ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਦੇ ਜਲਦ ਤੋਂ ਜਲਦ ਹੱਲ ਕੱਢਣ ਦਾ ਭਰੋਸਾ ਦਿੱਤਾ। ਅੰਤ ਉਨ੍ਹਾਂ ਪਿੰਡ ਵਡਾਲੀ ਡੋਗਰਾਂ ਦਾ ਤੁਰ ਫਿਰ ਕੇ ਜਾਇਜ਼ਾਂ ਲਿਆ ਅਤੇ ਮੁਕੰਮਲ ਹੋ ਚੁੱਕੇ ਅਤੇ ਚੱਲ ਰਹੇ ਵਿਕਾਸ ਕਾਰਜਾਂ ਦਾ ਨਿਰੀਖਣ ਕੀਤਾ। ਉਨ੍ਹਾਂ ਪਿੰਡ ਦੀ ਪੰਚਾਇਤ ਨੂੰ ਸਰਕਾਰ ਵਲੋਂ ਲੋੜੀਂਦੇ ਹਰ ਸਹਿਯੋਗ ਦਾ ਭਰੋਸਾ ਦਿਵਾਇਆ। ਇਸ ਮੌਕੇ 'ਤੇ ਪਿੰਡ ਦੇ ਸਰਪੰਚ ਸੰਦੀਪ ਸਿੰਘ ਮੌਜੀ, ਮੈਂਬਰ ਜਸਬੀਰ ਸਿੰਘ, ਨਛੱਤਰ ਸਿੰਘ, ਬਿਕਰਮਜੀਤ ਸਿੰਘ, ਬਲਵੰਤ ਸਿੰਘ, ਦਲਜੀਤ ਸਿੰਘ, ਅਵਤਾਰ ਸਿੰਘ, ਅਤੇ ਸੁਖਬੀਰ ਸਿੰਘ, ਹਰਭਜਨ ਸਿੰਘ ਮੌਜੀ, ਮੇਜਰ ਸਿੰਘ, ਗੁਰਪ੍ਰੀਤ ਸਿੰਘ, ਸਾਹਿਬ ਸਿੰਘ ਮੌਜੀ, ਜਸ਼ਨਪ੍ਰੀਤ ਸਿੰਘ ਵਡਾਲੀ ਡੋਗਰਾਂ ਆਦਿ ਹਾਜ਼ਰ ਸਨ।

### ਭਾਈ ਖੰਡਾ ਮਾਮਲੇ 'ਚ ਆਪਸੀ ਖਾਨਾਜੰਗੀ ਖਤਰਨਾਕ, ਉਸ ਦੀ ਹੋਈ ਮੌਤ ਦੀ ਨਿਰਪੱਖ ਰਿਪੋਰਟ ਲਈ

# ਸੁਹਿਰਦ ਯਤਨ ਕਰਣ ਦੀ ਲੋੜ - ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂਕੇ)

**ਨਵੀਂ ਦਿੱਲੀ 5 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਭਰ ਜਵਾਨ ਪੁੱਤਰ ਦੀ ਸ਼ਹਾਦਤ ਦਾ ਮਾਂ ਨੂੰ ਅਕਿਹ ਅਤੇ ਅਸਿਹ ਦਰਦ ਹੁੰਦਾ ਹੈ, ਸਾਰੀ ਉਮਰ ਇਹ ਕਮੀ ਪੂਰੀ ਨਹੀਂ ਹੁੰਦੀ। ਇਸ ਤੋਂ ਪਹਿਲਾਂ ਚੜ੍ਹਦੀ ਉਮਰ ਵਿੱਚ ਪਤੀ ਦੀ ਸ਼ਹਾਦਤ ਉਸਤੋਂ ਉਪਰੰਤ ਸਮੁੱਚਾ ਜੀਵਨ ਸਰਕਾਰੀ ਵਧੀਕੀਆਂ ਨਾਲ ਜੂਝਦੇ ਹੋਏ ਵੀ ਵਾਹਿਗੁਰੂ ਜੀ ਦੇ ਭਾਣੇ ਵਿੱਚ ਚੜ੍ਹਦੀ ਕਲਾ ਨਾਲ ਵਿਚਰਨ ਵਾਲੇ ਬੀਬੀ ਚਰਨਜੀਤ ਕੌਰ ਜੀ ਦੇ ਦੁੱਖ ਵਿੱਚ ਸਰੀਕ ਹੁੰਦੇ ਹੋਏ ਅਸੀਂ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੀ ਸ਼ਹਾਦਤ ਨੂੰ ਸਿਜਦਾ ਕਰਦੇ ਹੋਏ ਨਿਰਪੱਖ ਜਾਂਚ ਦੀ ਮੰਗ ਕਰਦੇ ਹਾਂ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਇਕਾਈ ਦੇ ਮੁੱਖ ਸੇਵਾਦਾਰ ਭਾਈ ਸਰਬਜੀਤ ਸਿੰਘ ਅਤੇ ਜਨਰਲ ਸਕੱਤਰ ਭਾਈ ਸਤਿੰਦਰ ਸਿੰਘ ਮੰਗੂਵਾਲ ਨੇ ਕਿਹਾ ਕਿ ਪਾਰਟੀ ਦੇ ਕੌਮਾਂਤਰੀ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਾਰਟੀ ਦੇ ਦੁਨੀਆਂ ਭਰ ਦੇ ਯੂਨਿਟ ਹਰ ਪ੍ਰਕਾਰ ਦਾ ਸਹਿਯੋਗ ਕਰਨ ਲਈ ਵਚਨਬੱਧ ਹਨ। ਭਾਈ ਖੰਡਾ ਦੀ ਸ਼ਹਾਦਤ ਇੰਗਲੈਂਡ ਵਿੱਚ ਹੋਈ ਹੋਣ ਕਾਰਨ ਪਾਰਟੀ ਦੇ ਯੂ. ਕੇ. ਯੂਨਿਟ ਦੇ ਸਮੂਹ ਮੈਂਬਰ ਕਿਸੇ ਵੀ ਪ੍ਰਕਾਰ ਦੀ ਜਾਂਚ ਜਾਂ ਕਾਰਵਾਈ ਵਿੱਚ ਸਹਿਯੋਗ ਕਰਨ ਲਈ ਹਰ ਸਮੇਂ ਹਾਜ਼ਰ ਹਾਂ ਅਤੇ ਅਸੀਂ ਸ: ਸਰਬਜੀਤ ਸਿੰਘ ਬਾਵਾ ਅਤੇ ਉਨ੍ਹਾ ਦੇ ਪਰਿਵਾਰ ਵੱਲੋਂ ਵੀ ਇਹੀ ਭਰੋਸਾ ਦਿਵਾਉਂਦੇ ਹਾਂ। ਭਾਈ ਅਵਤਾਰ ਸਿੰਘ ਖੰਡਾ ਇੰਗਲੈਂਡ ਯੂ. ਕੇ. ਆਉਣ ਤੋਂ ਲੈ ਕੇ ਪਾਰਟੀ ਦੇ ਯੂਥ ਵਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਅਤੇ ਬਾਅਦ ਵਿੱਚ ਸੀਨੀਅਰ ਵਿੰਗ ਵਿੱਚ ਮੁੱਖ ਬੁਲਾਰੇ ਵਜੋਂ ਆਖਰੀ ਸਮੇਂ ਤੱਕ ਸੇਵਾਵਾਂ ਨਿਭਾਉਂਦੇ ਰਹੇ। ਸ਼ਹੀਦ ਭਾਈ ਖੰਡਾ ਭਾਈ ਸਰਬਜੀਤ ਸਿੰਘ ਬਾਵਾ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਵਿੱਚ ਉਨ੍ਹਾਂ ਦੇ ਪੁੱਤਰ ਵਾਂਗ ਅਤੇ ਪਰਿਵਾਰਕ ਮੈਂਬਰ ਵਾਂਗ ਵਿਚਰਦੇ ਰਹੇ, ਜਿਸਦੇ ਅਸੀਂ ਪ੍ਰਤੱਖ ਗਵਾਹ ਹਾਂ। ਅਸੀਂ ਸਮੂਹ ਪੰਥ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਆਪਸੀ ਖਾਨਾਜੰਗੀ ਖਤਰਨਾਕ ਹੈ ਅਤੇ ਪੰਥ ਵਿਰੋਧੀ ਤਾਕਤਾਂ ਦੇ ਮਿਸ਼ਨਪੂਰਤੀ ਵਿੱਚ ਸਹਾਇਕ ਹੁੰਦੀ ਹੈ। ਹਰ ਪੰਥ ਦਰਦੀ ਦੀ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਆਪੋ-ਆਪਣਾ ਅਸਰ ਰਸੂਖ ਵਰਤਕੇ ਅਤੇ ਹਰ ਢੰਗ ਨਾਲ ਸਹਿਯੋਗ ਕਰਕੇ ਨਿਰਪੱਖ ਜਾਂਚ ਕਰਵਾਈ ਜਾਵੇ ਤਾਂ ਜੋ ਅਸਲ ਸੱਚ ਸਾਹਮਣੇ ਆਵੇ। ਕਿਤੇ ਇਹ ਨਾਂ ਹੋਵੇ ਕਿ ਅਸਲੀ ਦੋਸ਼ੀ ਬਚ ਨਿਕਲਣ ਤੇ ਅਸੀਂ ਆਪਸ ਵਿੱਚ ਹੀ ਈਰਖਾ, ਦਵੈਸ਼ ਅਤੇ ਕਿੜਾਂ ਕੱਢਦੇ ਰਹੀਏ ਇਹ ਸ਼ਹੀਦ ਸਿੰਘ ਦੀ ਰੂਹ ਨਾਲ ਇਨਸਾਫ ਨਹੀਂ ਹੋਵੇਗਾ।



### ਗੁਰਦੁਆਰਾ ਰਾਜੌਰੀ ਗਾਰਡਨ ਦੀ ਨਵੀਂ ਇਮਾਰਤ 'ਚ

# ਸੰਗਤ ਦੀ ਸੁਵਿਧਾ ਲਈ ਲਿਫਟ ਦਾ ਉਦਘਾਟਨ

**ਨਵੀਂ ਦਿੱਲੀ, 5 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜੌਰੀ ਗਾਰਡਨ ਦੀ ਨਵੀਂ ਇਮਾਰਤ ਵਿੱਚ ਲਿਫਟ ਦਾ ਉਦਘਾਟਨ ਅਰਦਾਸ ਤੋਂ ਬਾਅਦ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਰਾਜਵਿੰਦਰ ਸਿੰਘ ਨੇ ਅਰਦਾਸ ਕੀਤੀ। ਇਸ ਮੌਕੇ 'ਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਦਾਰ ਹਰਮਨਜੀਤ ਸਿੰਘ, ਹਰਬੰਸ ਸਿੰਘ ਭਾਟੀਆ, ਪ੍ਰੀਤ ਪ੍ਰਤਾਪ ਸਿੰਘ, ਅਜੀਤ ਸਿੰਘ ਮੋਗਾ, ਸੁੰਦਰ ਸਿੰਘ ਨਾਰੰਗ, ਹਰਨਾਮ ਸਿੰਘ, ਸਤਨਾਮ ਸਿੰਘ ਬਜਾਜ, ਕੁਲਦੀਪ ਸਿੰਘ ਸੇਠੀ ਆਦਿ ਹਾਜ਼ਰ ਸਨ। ਸ. ਹਰਮਨਜੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿੱਚ ਨਵੀਂ ਇਮਾਰਤ ਤਿਆਰ ਕੀਤੀ ਗਈ ਹੈ ਜਿਸ ਵਿੱਚ 10 ਕਮਰੇ ਹਨ ਜੋ ਪੂਰੀ ਤਰ੍ਹਾਂ ਆਧੁਨਿਕ ਸੁਵਿਧਾਵਾਂ ਨਾਲ ਲੈਸ ਹਨ, 3 ਵੱਡੇ ਹਾਲ ਅਤੇ ਸੇਵਾਦਾਰਾਂ ਲਈ ਵੀ ਕਮਰੇ ਤਿਆਰ ਕੀਤੇ ਗਏ ਹਨ, ਜਿਨ੍ਹਾਂ ਵਿੱਚ ਲਿਫਟ ਲਗਾਈ ਗਈ ਹੈ ਜਿਸ ਦਾ ਅੱਜ ਉਦਘਾਟਨ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਪੂਰੀ ਟੀਮ ਦੀ ਹਮੇਸ਼ਾਂ ਇਹੀ ਕੋਸ਼ਿਸ਼ ਰਹੀ ਹੈ ਕਿ ਸੰਗਤ ਦੀ ਸੁਵਿਧਾ ਲਈ ਵੱਧ ਤੋਂ ਵੱਧ ਕੰਮ ਕੀਤੇ ਜਾਣ। ਇਹ ਕਮਰੇ ਅਤੇ ਹਾਲ ਤਿਆਰ ਹੋਣ ਨਾਲ ਹੁਣ ਸੰਗਤ ਆਪਣੇ ਪਰਿਵਾਰਕ ਸਮਾਗਮਾਂ ਦੌਰਾਨ ਇਨ੍ਹਾਂ ਦੀ ਵਰਤੋਂ ਕਰ ਸਕਦੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਿੱਚ ਹਰ ਰੋਜ਼ ਕਈ ਤਰ੍ਹਾਂ ਦੇ ਸਮਾਗਮ ਹੁੰਦੇ ਹਨ, ਜਿਨ੍ਹਾਂ ਵਿੱਚ ਭਾਗ ਲੈਣ ਲਈ ਸੰਗਤ ਦਿੱਲੀ ਦੇ ਬਾਹਰ ਤੋਂ ਵੀ ਆਉਂਦੀ ਹੈ, ਹੁਣ ਉਹ ਵੀ ਇੱਥੇ ਆ ਕੇ ਰਹਿ ਸਕਣਗੇ।



# ਗ੍ਰਾਮ ਪੰਚਾਇਤ ਸੇਖੂ ਵੱਲੋਂ ਪਿੰਡ ਵਿੱਚ 250 ਰੁੱਖ ਲਾਉਣ ਦਾ ਟੀਚਾ



**ਤਲਵੰਡੀ ਸਾਬੋ, 5 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਗ੍ਰਾਮ ਪੰਚਾਇਤ ਪਿੰਡ ਸੇਖੂ ਵੱਲੋਂ ਪਿੰਡ ਵਿੱਚ ਛਾਂਦਾਰ, ਫਲਦਾਰ ਅਤੇ ਫੁੱਲਦਾਰ 250 ਰੁੱਖ ਲਾਉਣ ਦਾ ਟੀਚਾ ਰੱਖਿਆ ਗਿਆ ਹੈ। ਪਿੰਡ ਦੇ ਸਰਪੰਚ ਨਿਰਮਲ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਿਨੋਂਦਿਨ ਏਅਰ ਕੰਡੀਸ਼ਨਰਾਂ ਦੀ ਵੱਧ ਰਹੀ ਗਿਣਤੀ ਕਾਰਨ ਗਰਮੀਂ ਬਹੁਤ ਜ਼ਿਆਦਾ ਵੱਧ ਰਹੀ ਹੈ। ਜ਼ਮੀਨਾਂ ਦੇ ਭਾਅ 'ਚ ਆਈ ਨਜਾਇਜ਼ ਤੇਜ਼ੀ ਕਾਰਨ ਜੰਗਲ ਖਤਮ ਹੁੰਦੇ ਜਾ ਰਹੇ ਹਨ। ਅਜਿਹੇ ਹਾਲਾਤਾਂ ਵਿਚ ਗਰਮੀਂ ਤੋਂ ਬਚਣ ਲਈ ਰੁੱਖ ਲਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ। ਉਹਨਾਂ ਕਿਹਾ ਕਿ ਰੁੱਖਾਂ ਨਾਲ ਇੰਨਸਾਨ ਦਾ ਜਨਮ ਮਰਨ ਦਾ ਸਬੰਧ ਹੈ। ਇਸ ਲਈ ਹਰ ਵਿਅਕਤੀ ਨੂੰ ਇੱਕ ਰੁੱਖ ਲਗਾ ਕੇ ਉਸਦੀ ਸੰਭਾਲ ਕਰਨ ਦਾ ਪ੍ਰਣ ਅੱਜ ਹੀ ਲੈਣਾ ਚਾਹੀਦਾ ਹੈ ਤਾਂ ਕਿ ਅਸੀਂ ਆਉਣ ਵਾਲੀ ਪੀੜੀਆਂ ਲਈ ਵਾਤਾਵਰਣ ਨੂੰ ਸੁਰੱਖਿਅਤ ਰੱਖ ਸਕੀਏ। ਸਰਪੰਚ ਨਿਰਮਲ ਸਿੰਘ ਨੇ ਕਿਹਾ ਕਿ ਰੁੱਖ ਲਾਉਣ ਲਈ ਪੰਚ ਗੁਰਪ੍ਰੀਤ ਸਿੰਘ, ਬਲਕਰਨ ਸਿੰਘ, ਭੋਲਾ ਸਿੰਘ, ਬਲਵਿੰਦਰ ਕੌਰ, ਬਲਜਿੰਦਰ ਸਿੰਘ, ਹਰਜੀਤ ਕੌਰ, ਸਰਬਜੀਤ ਕੌਰ, ਗੁਰਮੀਤ ਕੌਰ, ਮਲਕੀਤ ਸਿੰਘ ਤੋਂ ਇਲਾਵਾ ਪਿੰਡ ਦੇ ਲੋਕਾਂ ਦਾ ਸਹਿਯੋਗ ਵੀ ਲਿਆ ਜਾਵੇਗਾ।

# ਵੇਰਕਾ ਬਾਈਪਾਸ ਨੇੜੇ ਜੰਗਲ ਵਿੱਚ 1000 ਰੁੱਖ ਹੋਰ ਲਗਾਏ ਗਏ ਸੜੇ ਹੋਏ ਜੰਗਲ ਨੂੰ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਦੀ ਮਿਹਨਤ ਨੇ ਫਿਰ ਹਰਿਆ ਭਰਿਆ ਕਰ ਦਿੱਤਾ



**ਜੰਡਿਆਲਾ ਗੁਰੂ, 5 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਕਹਿਣੀ ਤੇ ਕਰਨੀ ਦੇ ਪੂਰੇ ਨਿਕਲੇ ਸਿੱਖ ਆਗੂ ਤੇ ਸਮਾਜ ਸੇਵੀ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਅੰਮ੍ਰਿਤਸਰ ਪਠਾਨਕੋਟ ਬਾਈਪਾਸ ਵੇਰਕਾ ਨੇੜੇ ਜਿਸ ਜੰਗਲ ਨੂੰ ਅੱਗ ਲੱਗ ਗਈ ਸੀ ਤੇ ਸਾਰਾ ਜੰਗਲ ਸੜ ਗਿਆ ਸੀ ਉਸ ਜੰਗਲ ਨੂੰ ਹਰਿਆ ਭਰਿਆ ਵੇਖ ਕੇ ਇਲਾਕਾ ਵਾਸੀਆਂ ਨੂੰ ਬਹੁਤ ਖੁਸ਼ੀ ਹੋ ਰਹੀ ਹੈ। ਇਸ ਜੰਗਲ ਵਿੱਚ 4 ਹਜਾਰ ਦੇ ਕਰੀਬ ਰੁੱਖ ਲਗਾਏ ਗਏ ਸੀ ਜੋ ਸਾਰੇ ਤਿੰਨ ਤਰੀਕ ਨੂੰ ਸੜ ਕੇ ਸੁਆਹ ਹੋ ਗਏ ਸੀ ਇਸ ਜੰਗਲ ਨੂੰ ਹਰਿਆ ਭਰਿਆ ਕਰਨ ਦੀ ਜਿੰਮੇਵਾਰੀ ਸਮਾਜ ਸੇਵੀਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਲੈ ਲਈ ਸੀ ਤੇ ਕਿਹਾ ਸੀ ਕਿ ਤਿੰਨ ਮਹੀਨਿਆਂ ਦੇ ਅੰਦਰ ਇਸ ਜਮੀਨ ਤੇ ਵੱਖ ਵੱਖ ਤਰਹਾਂ ਦੇ 10 ਹਜਾਰ ਰੁੱਖ ਲਗਾ ਕੇ ਫਿਰ ਇਸ ਜੰਗਲ ਨੂੰ ਹਰਿਆ ਭਰਿਆ ਕਰ ਦਵਾਂਗਾ ਕਹਿਣੀ ਤੇ ਕਰਨੀ ਦੇ ਪੂਰੇ ਨਿਕਲੇ ਇਸ ਸਿੱਖ ਆਗੂ ਨੇ ਅੱਜ ਇੱਥੇ ਕੁੱਲ 7 ਹਜਾਰ ਦੇ ਕਰੀਬ ਰੁੱਖ ਲਗਾ ਦਿੱਤੇ ਨੇ ਤੇ ਸੋਨੂ ਜੰਡਿਆਲਾ ਦੀ ਸੱਚੀ ਮਿਹਨਤ ਰੰਗ ਲੈ ਆਈ ਹੈ ਤੇ ਅੱਜ ਜਿਸ ਜੰਗਲ ਵਿੱਚ ਅੱਗ ਦੇ ਨਾਲ ਸੜ ਗਏ ਸਾਰੇ ਰੁੱਖਾਂ ਵਿੱਚੋਂ ਕੁਛ ਵੀ ਨਜ਼ਰ ਨਹੀਂ ਸੀ ਆਉਂਦਾ ਤੇ ਅੱਜ ਉਸੇ ਹੀ ਜੰਗਲ ਨੂੰ ਉਹਨਾਂ ਨੇ ਚਾਰੇ ਪਾਸੇ ਹਰਿਆ ਭਰਿਆ ਕਰ ਦਿੱਤਾ ਹੈ ਤੇ ਉਹਨਾਂ ਦੀ ਮਿਹਨਤ ਰੰਗ ਲਿਆਈ ਹੈ ਤੇ ਅੱਜ ਉਹਨਾਂ ਦੇ ਇਸ ਉਪਰਾਲੇ ਨੂੰ ਵੇਖ ਕੇ ਕਈ ਲੋਕ ਜੋ ਵਾਤਾਵਰਨ ਪ੍ਰੇਮੀ ਨੇ ਉਹਨਾਂ ਦੇ ਨਾਲ ਖੜੇ ਹੋ ਗਏ ਨੇ ਤੇ ਉਹਨਾਂ ਦਾ ਸਾਥ ਦੇਣ ਦੇ ਲਈ ਅੱਗੇ ਆਏ ਗੱਲਬਾਤ ਕਰਦੇ ਹੋਏ ਸੋਨੂ ਜੰਡਿਆਲਾ ਨੇ ਦੱਸਿਆ ਕਿ ਅਸੀਂ ਤਿੰਨ ਮਹੀਨਿਆਂ ਦੇ ਵਿੱਚ ਇਸ ਜੰਗਲ ਨੂੰ ਪੂਰੀ ਤਰਹਾਂ ਨਾਲ ਤਿਆਰ ਕਰਕੇ ਜਿਲਾ ਪ੍ਰਸ਼ਾਸਨ ਦੇ ਹਵਾਲੇ ਕਰ ਦਵਾਂਗੇ ਤੇ ਬਾਅਦ ਵਿੱਚ ਇਸਦੀ ਸਾਂਭ ਸੰਭਾਲ ਪ੍ਰਸ਼ਾਸਨ ਕਰੇਗਾ ਤੇ ਇਸ ਜੰਗਲ ਵਿੱਚ ਅਸੀਂ 7 ਹਜਾਰ ਰੁੱਖ ਲਗਾ ਚੁੱਕੇ ਹਾਂ ਤੇ 3 ਦੇ ਕਰੀਬ ਹੋਰ ਲਗਾ ਕੇ ਟੋਟਲ 10 ਰੁਖ ਅਸੀਂ ਇਸਦੇ ਆਲੇ ਦੁਆਲੇ ਲਗਾਵਾਂਗੇ ਇਸ ਮੌਕੇ ਤੇ ਹਾਜ਼ਰ ਸਰਬਜੀਤ ਸਿੰਘ ਮੁਖਤਿਆਰ ਸਿੰਘ ਜਸਵੰਤ ਸਿੰਘ ਇੰਸਪੈਕਟਰ ਸਤਨਾਮ ਸਿੰਘ ਬਲਦੇਵ ਸਿੰਘ ਰਮਣ ਸੈਨ ਐਮਐਸ ਠਾਕੁਰ ਰਜਿੰਦਰ ਸੈਨ ਬਲਦੇਵ ਸਿੰਘ ਹਰਮਨਪ੍ਰੀਤ ਜੋਬਨਜੀਤ ਸਿੰਘ ਸਕੱਤਰ ਸਿੰਘ ਆਦਿ ਹਾਜਰ ਸਨ।



# ਨਿਰਭੈ ਯੋਧਾ, ਦਿਵਾਨੇ ਖਾਸ, ਮਹਾਨ ਗਿਆਨੀ ਭਾਈ ਮਨੀ ਸਿੰਘ ਜੀ ਸ਼ਹੀਦ

ਏਥੇ ਇਹ ਦੱਸਣ ਦੀ ਬਹੁਤੀ ਲੋੜ ਨਹੀਂ ਕਿ ਭਾਈ ਮਨੀ ਸਿੰਘ ਜੀ ਦੀ ਬਹੁ ਪੱਖੀ ਸ਼ਖਸੀਅਤ ਦੀ ਪੰਜਾਬ ਦੇ ਇਤਿਹਾਸ ਵਿੱਚ ਇੱਕ ਨਿਵੇਕਲੀ ਤੇ ਨਿਰਾਲੀ ਥਾਂ ਹੈ। ਇੱਕ ਐਸੇ ਸਮੇਂ ਵਿੱਚ ਜਦੋਂ ਕਿ ਪੰਜਾਬ ਉਤੇ ਜਾਬਰ ਤੇ ਪਤਿਤ ਹਕੂਮਤ ਲੋਕਾਂ ਦੀ ਅਖਲਾਕੀ ਸ਼ਖਸੀਅਤ ਨੂੰ ਮਲੀਆਮੇਟ ਕਰਨ ਤੇ ਤੁਲੀ ਹੋਈ ਸੀ, ਉਸ ਵਕਤ ਅਜਿਹੇ ਸਰਕਾਰੀ ਹੁਕਮ ਜਾਰੀ ਹੋਏ ਸਨ ਕਿ ਕੋਈ ਬੰਦਾ 'ਗੁੜ' ਸ਼ਬਦ ਦੀ ਵਰਤੋਂ ਨਹੀਂ ਕਰ ਸਕਦਾ ਸੀ, ਕਿਉਂਕਿ ਇਹ 'ਗੁਰ ਸ਼ਬਦ ਦੇ ਕਿਸੇ ਹੱਦ ਤਕ ਨੇੜੇ ਹੈ, ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਗਏ ਸਨ, ਉਸ ਵਕਤ ਭਾਈ ਮਨੀ ਸਿੰਘ ਮਨੁੱਖੀ ਅਣਖ ਤੇ ਵਿਚਾਰਾਂ ਦੀ ਸੁਤੰਤਰਤਾ ਦੀ ਰੱਖਿਆ ਵਾਸਤੇ ਤੇ ਵਹਿਸ਼ੀ ਬਰਬਰਤਾ ਦੇ ਸਾਹਮਣੇ ਆਤਮਕ ਬਲ ਦੀ ਉੱਚਤਾ ਦਰਸਾਉਣ ਦੀ ਖਾਤਰ ਮੈਦਾਨ ਏ ਜੰਗ ਵਿੱਚ ਉਤਰਿਆ ਤੇ ਬੰਦ ਬੰਦ ਕਟਵਾ ਕੇ ਪਾਪ ਦੇ ਹਵਨ ਕੁੰਡ ਦੀ ਅਗਨੀ ਵਿੱਚ ਆਪਣੇ ਪ੍ਰਾਣਾ ਦੀ ਆਹੂਤੀ ਦਿੱਤੀ। ਇਸ ਤਰਾਂ ਖਿਆਲਾਂ ਦੀ ਆਜਾਦੀ ਤੇ ਧਰਮ ਦੀ ਰੱਖਿਆ ਦੇ ਇਤਿਹਾਸ ਵਿੱਚ ਭਾਈ ਮਨੀ ਸਿੰਘ ਜੀ ਦੀ ਅਹਿਮੀਅਤ ਕੇਵਲ ਇੱਕ ਜੀਵਨ ਉਸਾਰੂ ਪ੍ਰੇਰਨਾ ਕਰਕੇ ਨਹੀਂ ਸੁਚੱਜੇ ਮਰਨ ਦਾ ਢੰਗ ਦੱਸਣ ਕਰਕੇ ਵੀ ਬਹੁਤ ਹੈ। ਭਾਈ ਸਾਹਿਬ ਇੱਕ ਕਰਮ ਯੋਗੀ ਸਨ। ਆਪਣੇ ਸਮੇਂ ਦੇ ਨਿਰਭੈ ਯੋਧਾ, ਸਿਆਸੀ ਤੇ ਧਾਰਮਿਕ ਆਗੂ ਹੋਣ ਤੋਂ ਬਿਨਾਂ ਸਿੱਖ ਧਰਮ ਤੇ ਸਾਹਿਤ ਦਾ ਮਹਾਨ ਵਿਦਵਾਨ ਤੇ ਪੂਰਨ ਗਿਆਤਾ ਵੀ ਸੀ। ਭਾਈ ਮਨੀ ਸਿੰਘ ਜੀ ਦੇ ਜਨਮ ਅਸਥਾਨ ਤੇ ਤਰੀਕਾਂ ਬਾਰੇ ਵੱਖੋਂ ਵੱਖਰੇ ਵਿਦਵਾਨਾਂ ਦੀ ਵੱਖੋ ਵੱਖਰੀ ਰਾਏ ਹੈ। ਕਈ ਖਰੜਿਆਂ ਵਿੱਚ 2 ਮਨੀ ਸਿੰਘ ਤੇ ਕਈ ਵਿੱਚ ਤਿੰਨ ਦਾ ਵੀ ਜਿਕਰ ਆਇਆ। ਹਰੇਕ ਵਿਦਵਾਨ ਨੇ ਆਪਣੇ ਵਾਲੀ ਖੋਜ ਵਾਲੇ ਮਨੀ ਸਿੰਘ ਨੂੰ ਭਾਈ ਮਨੀ ਸਿੰਘ ਜੀ ਸ਼ਹੀਦ ਹੋਣ ਦਾਅਵਾ ਕੀਤਾ। ਪਰ ਜੇ ਅਸਲ ਭਾਈ ਮਨੀ ਸਿੰਘ ਜੀ ਬਾਰੇ ਜਿਹੜੀ ਖੋਜ ਜਿਆਦਾ ਸਟੀਕ ਤੇ ਅਸਲ ਜਾਪਦੀ ਹੈ। ਉਹ ਹੈ ਭੱਟ ਵਹੀ ਕਰਸਿੰਧੂ, ਪਰਗਨਾ ਸ਼ਫੀਦੋਂ. ਤੇ ਭੱਟ ਵਹੀ ਮੁਲਤਾਨੀ ਸਿੰਧੀ ਵਹੀ।

ਆਵਾਜ਼ਿ ਕੌਮ
AWAZE QAUM
International Newspaper & WEB TV

ਬਧਾਈ ਲੀ ਮਨੀ ਰਾਮ ਕੀ, ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ ਸੰਬਤ 1701 ਬਰਖਾਸਤ ਮਾਹ ਚੇਤਰ ਸੁਦੀ ਦੁਆਦਸੀ ਰਵੀ ਵਾਰ ਸ਼ੁਭ ਵਾਰ ਸ਼ੁਭ ਘੜੀ ਜਨਮ ਹੁਆ, ਕੁਲ ਪ੍ਰੋਹਤ ਬੋਹਥ ਭੱਟ ਕੋ ਮਾਨਾ, ਗੁਰੂ ਕੀ ਕੜਾਹੀ ਕੀ। (ਮੁਲਤਾਨੀ ਸਿੰਧੀ ਵਹੀ) ਭਾਈ ਮਨੀ ਸਿੰਘ ਜੀ ਦਾ ਜਨਮ ਮਾਤਾ ਮਧਰੀ ਬਾਈ ਦੀ ਕੁੱਖੋਂ ਪਿਤਾ ਭਾਈ ਦਾਸ ਜੀ ਦੇ ਗ੍ਰਹਿ ਵਿਖੇ 13 ਚੇਤਰ ਸੁਦੀ ਦੁਆਦਸ਼ੀ ਐਤਵਾਰ ਸੰਮਤ 1701 ਬਿਕਰਮੀ(10 ਮਾਰਚ 1644ਈ.) ਨੂੰ ਪਿੰਡ ਅਲੀਪਰੁ ਉਤਰੀ ਵਿੱਚ ਹੋਇਆ ਜਿਹੜਾ ਅੱਜ ਕੱਲ ਤਹਿਸੀਲ ਤੇ ਜਿਲਾ ਮਜੱਫਰਗੜ (ਲਹਿੰਦੇ ਪੰਜਾਬ ਪਾਕਿਸਤਾਨ) ਵਿੱਚ ਹੈ ਉਥੇ ਹੋਇਆ।

ਭਾਈ ਮਨੀ ਸਿੰਘ ਜੀ ਦਾ ਗੁਰੂ ਘਰ ਨਾਲ ਸਿੱਧਾ ਸੰਬੰਧ ਸੰਮਤ 1714 ਬਿ. (1657 ਈ.) ਵਿੱਚ ਪਿਆ। ਇਸ ਵੇਲੇ ਇਨਾਂ ਦੀ ਉਮਰ 13 ਸਾਲ ਦੀ ਸੀ। ਇਹ ਆਪਣੇ ਪਿਤਾ ਦੇ ਨਾਲ ਕੀਰਤਪੁਰ ਵਿੱਚ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਲਈ ਆਇਆ ਅਤੇ ਪੰਦਰਾਂ ਸਾਲਾਂ ਦੀ ਉਮਰ ਵਿੱਚ ਹਾੜ ਸੁਦੀ ਪੂਰਨਮਾਸ਼ੀ ਨੂੰ ਪਿੰਡ ਖੈਰਪੁਰ ਸਦਾਤ (ਜਿਲਾਂ ਮਜੱਫਰਗੜ) ਵਿੱਚ ਜਾਦੋ ਬੰਸੀ ਬੜ੍ਹਤੀਏ ਕਨਾਵਤਾਂ ਦੇ ਘਰ ਭਾਈ ਲਖੀ ਰਾਇ ਦੀ ਸੁਪਤ੍ਰੀ ਸੀਤੋ ਬਾਈ ਨਾਲ ਸ਼ਾਦੀ ਹੋਈ। ਭਾਈ ਮਨੀ ਸਿੰਘ ਦੀ ਅਹਿਮੀਅਤ ਦਾ ਏਥੋਂ ਪਤਾ ਲਗਦਾ ਹੈ ਕਿ ਸੱਤਵੇਂ ਪਾਤਸ਼ਾਹ ਦੇ ਜੋਤੀ ਜੋਤ ਸਮਾਂ ਜਾਣ ਤੋਂ ਬਾਅਦ ਆਪ ਅੱਠਵੇਂ ਸਤਿਗੁਰਾਂ ਦੀ ਹਜੂਰੀ ਵਿੱਚ ਰਹੇ। ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਨਾਲ ਦਿੱਲੀ ਜਾਣ ਵਾਲੇ ਸਿੱਖਾਂ ਵਿੱਚ ਵੀ ਭਾਈ ਸਾਹਿਬ ਸ਼ਾਮਿਲ ਸਨ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ 3 ਵੈਸਾਖ ਚੇਤ੍ਰ ਸੁਦੀ 14 ਸੰਮਤ 1721 ਬਿ(30 ਮਾਰਚ 1664) ਨੂੰ ਦਿੱਲੀ ਵਿੱਚ ਜੋਤੀ ਜੋਤ ਸਮਾ ਗਏ। ਤੇ ਭਾਈ ਸਾਹਿਬ ਸਤਿਗੁਰਾਂ ਦੀ ਮਾਤਾ ਸੁਲੱਖਣੀ ਜੀ ਨਾਲ ਨਾਵੇਂ ਸਤਿਗੁਰਾਂ ਦੀ ਸੇਵਾ ਵਿੱਚ ਬਕਾਲੇ ਪਿੰਡ ਵਿੱਚ ਆ ਹਾਜਰ ਹੋਏ। ਉਸ ਵੇਲੇ ਇਹਨਾਂ ਦੀ ਉਮਰ 20 ਕੁ ਸਾਲ ਦੀ ਸੀ।

ਸੰਮਤ 1732 ਬਿ. (1675 ਈ.) ਨੂੰ ਗੁਰੂ ਤੇਗ. ਬਹਾਦਰ ਜੀ ਦੀ ਦਿੱਲੀ ਵਿਖੇ ਸ਼ਹਾਦਤ ਸਮੇਂ ਭਾਈ ਮਨੀ ਸਿੰਘ ਜੀ ਸ੍ਰੀ ਦਸ਼ਮੇਸ਼ ਜੀ ਦੀ ਹਜੂਰੀ ਵਿੱਚ ਸੇਵਾ ਵਿੱਚ ਤਤਪਰ ਸੀ।13 ਸਾਲਾਂ ਦੀ ਉਮਰ ਵਿੱਚ ਗੁਰੂ ਹਰਿ ਰਾਇਸਾਹਿਬ ਦੇ ਲੰਗਰ ਵਿੱਚ ਸੇਵਾ ਕਰਨ ਜਵਾਨ ਹੁਣ 35 ਸਾਲ ਦੀ ਉਮਰ ਵਿੱਚ ਪੜਨ, ਪੜਾਉਣ ਤੇ ਲਿਖਣ, ਲਿਖਾਉਣ ਵਾਲਾ ਵਿਦਵਾਨ ਬਣ ਗਿਆ ਸੀ, ਸ਼ਹੀਦ ਬਿਲਾਸ ਦਾ ਲਿਖਾਰੀ ਲਿਖਦਾ ਹੈ

ਆਯੂ ਪੈਂਤੀ ਬਰਖ ਕੀ ਮਨੀ ਸਿੰਘ ਕੀ ਆਇ।
ਲਿਖੇ ਲਿਖਾਏ ਪੋਥੀਆਂ, ਮਨ ਮਹਿ ਬਹੁ ਉਤਸਾਇ।40।

ਗੁਰੂ ਗ੍ਰੰਥ ਸਾਹਿਬ ਜੀ ਦਾ ਪੁਰਾਣਾ ਨਾਂ ਪੋਥੀ ਸੀ, ਜਿਸ ਤਰਾਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੂੰ ਕੁੱਝ ਭਾਗਾਂ ਦੇ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ।(ਬਚਿੱਤਰ ਨਾਟਕ, ਚਰਿਤਰੋ ਪਾਖਿਆਨ ਆਦਿਕ) ਉਸੇ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸ ਵੇਲੇ ਪੋਥੀ ਸਾਹਿਬ ਕਿਹਾ ਜਾਂਦਾ ਸੀ। ਪੁਰਾਣੀਆਂ ਬੀੜਾਂ ਵਿੱਚ ਵੀ ਲਿਖਿਆ ਮਿਲਦਾ ਹੈ 'ਪੋਥੀ' ਲਿਖ ਪਹੁੰਚੇ। ਭਾਈ ਚੌਪਾਂ ਸਿੰਘ ਹਜੂਰੀ ਦੇ ਰਹਿਤ ਨਾਮੇ ਤੇ ਭਾਈ ਕੇਸਰ ਸਿੰਘ ਛਿੱਬਰ ਦੀਆਂ ਲਿਖਤਾਂ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਰਤਾਰ ਪੁਰੀ ਸੋਢੀਆਂ ਪਾਸੋਂ ਗੁਰੂ ਅਰਜਨ ਸਾਹਿਬ ਵਾਲੀ ਬੀੜ ਸੰਮਤ 1735 ਬਿ. ਵਿੱਚ ਮੰਗਵਾਈ ਤਾਂ ਉਹਨਾਂ ਨੇ ਦੇਣੋਂ ਇਨਕਾਰ ਕਰ ਦਿੱਤਾ ਸੀ। ਉਦੋਂ ਕੁ ਹੀ ਭਾਈ ਮਨੀ ਸਿੰਘ ਜੀ ਦੀ ਆਯੂ 35 ਕੁ ਵਰੇ ਬਣਦੀ ਹੈ। ਇਥੋਂ ਹੀ ਗੁਰੂ ਗੋਬਿੰਦ ਸਿੰਘ ਜੀ ਆਗਿਆ ਪਾ ਕੇ ਭਾਈ ਮਨੀ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਬੀੜ ਦੀਆਂ ਸ਼ੁੱਧ ਨਕਲਾਂ ਤਿਆਰ ਕਰਨ ਦਾ ਕਾਰਜ ਆਰੰਭਿਆ ਤਾਕਿ ਧੀਰ ਮੱਲੀਆਂ ਦੇ ਪਏ ਅੜਿੱਕੇ ਨੂੰ ਦੂਰ ਕੀਤਾ ਜਾ ਸਕੇ। 7 ਕੁ ਵਰੇ ਬਾਅਦ ਗੁਰੂ ਗੋਬਿੰਦ ਸਿੰਘ ਜੀ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਤੇ ਨਾਹਨ ਪਧਾਰੇ ਉਸ ਵਕਤ ਵੀ ਭਾਈ ਮਨੀ ਸਿੰਘ ਜੀ ਗੁਰੂ ਸਾਹਿਬ ਜੀ ਦੇ ਨਾਲ ਸਨ। ਉਸ ਵਕਤ ਤੱਕ ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਹਜੂਰੀ 52 ਕਵੀਆਂ ਵਿੱਚ ਵੀ ਸ਼ਾਮਿਲ ਸਨ।

ਕਵੀ ਬਵੰਜਾ ਬੇ ਗੁਰ ਪਾਸ। ਉਨ ਮੈਂ ਗਨਨਾ ਇਨ ਕੀ ਖਾਸ।. (ਪੰਥ ਪ੍ਰਕਾਸ਼, ਛਾਪ ਛੇਵੀਂ ਨਿਵਾਸ ਉਨਤ੍ਰਹਵੋਂ)

ਇਸ ਤੋਂ ਅਗਲੇ ਸਾਲ 24 ਭਾਦਰੋਂ ਸੁਦੀ ਅਸ਼ਟਮੀ ਸੰਮਤ 1745 ਬਿ।(24 ਅਗਸਤ 1688 ਈ) ਨੂੰ ਬਾਬਾ ਰਾਮ ਰਾਇ ਜੀ ਦੀ ਬਰਸੀ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪ ਉਥੇ ਜਾ ਨਾ ਸਕੇ ਤਾਂ ਗੁਰੂ ਸਾਹਿਬ ਜੀ ਨੇ ਆਪਣੀ ਥਾਂ ਭਾਈ ਮਨੀ ਸਿੰਘ, ਦੀਵਾਨ ਨੰਦ ਚੰਦ(ਸੰਘਾ) ਅਤੇ ਪ੍ਰੋਹਤ ਦਇਆ ਰਾਮ ਆਦਿ ਚੋਣਵੇਂ 50 ਸਿੱਖ ਭੇਜੇ ਸਨ।

18 ਅੱਸੂ ਸੁਦੀ ਚੌਥ ਸੰਮਤ 1745 ਬਿ.(18 ਸਤੰਬਰ 1688 ਈ.) ਨੂੰ ਭੰਗਾਣੀ ਦੀ ਜੰਗ ਤੇ ਪਿੱਛੋਂ 22 ਚੇਤ੍ਰ ਸੰਮਤ 1747 ਬਿ(20 ਮਾਰਚ 1691 ਈ ਨੂੰ ਨਦਾਉਣ ਦੀ ਜੰਗ ਦੋਹਾਂ ਵਿੱਚ ਭਾਈ ਮਨੀ ਸਿੰਘ ਜੀ ਨੇ ਆਪਣੀ ਤਾਕਤ ਦਾ ਲੋਹਾ ਮੰਨਵਾਇਆ। (ਦਸ ਸਾਤ ਸਤੰ ਸਨ ਬੀਚ ਭਯੋ ਪੰਤਾਲੀਸ ਜੰਗ ਭਯੋ ਯਹ ਗ੍ਰਾਮ ਭੰਗਾਨੀ। ਦੇਸੀ ਦੇਸ ਬਿਖੈ ਤਬ ਤੈ ਬਿਦਤੈ, ਗੁਰ ਬੀਰ ਕਟੈਲ ਮਹਾਨੀ(ਗਿ ਗਿਆਨ ਸਿੰਘ, ਪੰਥ ਪ੍ਰਕਾਸ ਲਿਖਤੀ, ਪ੍ਰਤਾ 51 ਲਾ. ਗੰਡਾ ਸਿੰਘ ਪਟਿਆਲਾ)

ਸਿਮਰ ਭੱਟ ਸਤਿਗੁਰ ਅਪਨਾ, ਗਿਆਨ ਬਤਾਵੈ ਸੱਚਾ।
ਤਉ ਬੇਖਾ ਪੰਵਾਰ ਬੀਝੇ ਕਾ ਅਥਰਾਕ ਨ, ਤਉ ਬੇਖਾ ਰੱਜਪੂਤੀ ਕਾ ਨੱਕਾ।
ਦਿੱਲੀ ਲਗ ਧਾਂਕ ਸੁਨੀ ਤੇਰੀ ਬੱਲੂ, ਤਉ ਜਾਨੇ ਸ਼ਾਹ ਚੁਗੱਤਾ।
ਸੁਪੂਤ ਪੋਤਾ ਤਉ ਗਾਂਊ ਮਨੀ ਰਾਮ, ਰੋਸ਼ਨ ਬੰਸ ਜੱਲੇ ਦਾ ਕਿੱਤਾ।
ਪੈਲ੍ਹਾਂ ਹੇਠ ਭੰਗਾਨੀ ਮਾਰੀ, ਰਾਨਾ ਘਾਲ ਕੀਆ ਰਨ ਜਿੱਤਾ।
ਸਾਕਾ ਕੀਆ ਨਦਾਵਨ ਤੈਂ ਨੇ, ਘਾਲਿਆ ਰਾਨਾ ਬੀਚ ਪਰਬੱਤਾ।
ਘੋੜੇ ਬੀਸ ਪਚਾਸ ਗਿਣਤੀ ਕੇ ਆਏ, ਪੈਦਲ ਆਏ ਬਹੁ ਰਜਪੁੱਤਾ।
ਧਨ ਧਨ ਮਾਤਾ ਮਧਰੀ ਬਾਈ, ਤਉ ਜਾਇਆ ਮਨੀ ਰਾਮ ਪੂਤ ਸੁਪੱਤਾ।
ਸੁਪੂਤ ਬੇਟਾ ਤਾਊ ਗਾਊਂ ਦਿਆਲ ਦਾਸ, ਜੀਤੇ ਜੀ ਦੇਗੇ ਉਬਲਿੱਤਾ। ਜਸ ਜੋੜ ਦੇਸੂ ਭੱਟ ਭਣਿਆ,
ਅਨੰਦਪੁਰ ਕੇ ਮਲਹਾਨ ਰੁਪਉਂ ਸੇ ਮੂੰਡ ਭੱਟੋਂ ਕਾ ਭਰ ਦਿੱਤਾ।
ਕੀ ਬਧਾਈ ਬੇਟੇ ਚਿਤ੍ਰ ਬਚ੍ਰਿਤ ਊਦੇ ਬਿਆਹਿ ਕੀ, ਸਾਲ ਸਤ੍ਰਾਂ ਸੈ ਪਚਾਸ ਸੀਬਿਤਾ।
ਮੈਂਹਗੇ ਮੋਲ ਕਰਹੈ ਹੈ ਦੀਏ, ਮੁਰਕੀ ਬੱਚ ਕੱਨੀ ਔ ਬਾਲਿਤਾ। (ਭੱਟ ਵਹੀ ਮੁਲਤਾਨੀ ਸਿੰਧੀ)



1748 ਬਿ.(1691 ਈ.) ਦੀ ਵੈਸਾਖੀ ਨੂੰ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਮਨੀ ਸਿੰਘ ਜੀ ਨੂੰ ਦੀਵਾਨੀ ਦੀ ਉੱਚ ਪਦਵੀ ਤੇ ਨਿਯੁਕਤ ਕੀਤਾ।

ਲਿਖਤੰ ਮਨੀ ਰਾਮ ਬੇਟਾ ਨਾਇਕ ਮਾਈ ਦਾਸ ਕਾ ਪੋਤਾ ਬੱਲੂ ਕਾ,
ਪੜਪੋਤਾ ਮਿਲੇ ਕਾ ਜਤੀਆ ਪੰਵਾਰ ਬੰਸ ਬੀਝੇ ਕਾ ਬੰਝਰਉਤ ਜਲਹਾਨਾ
ਬਾਸੀ ਅਲੀ ਪੁਰ ਪਰਗਨਾ ਮੁਲਤਾਨ ਮਿਤੀ 2 ਚੇਤ ਸੰਬਤ 1751 ਕੋ ਗੁਰੂ ਗੋਬਿੰਦ ਰਾਇ ਜੀ ਕੇ ਸਾਥ ਦੀਵਾਨ ਹੋ ਕਰ ਆਏ ਸੁਖ ਦੇ ਇਸਨਾਨ।

ਸੰਮਤ 1755 ਬਿ.(1698 ਈ.)ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕੀਤੇ, ਤੇ ਚੜ੍ਹਦੇ ਸਾਲ ਦੀ ਵੈਸਾਖੀ ਨੂੰ ਦੂਰੋਂ ਨੇੜਿਓਂ ਸੰਗਤਾਂ ਹੁੰਮ ਹੁਮਾ ਕੇ ਪਹੁੰਚੀਆਂ। ਇਸੇ ਦਿਨ ਭਾਈ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ ਭਾਈ ਮਨੀ ਸਿੰਘ ਨੇ ਆਪਣੇ ਪੰਜ ਪੁਤ੍ਰ ਸਤਿਗੁਰਾਂ ਦੀ ਭੇਟ ਕੀਤੇ ਤੇ , ਹਮੇਸ਼ਾਂ ਗੁਰੂ ਸਾਹਿਬ ਜੀ ਦੀ ਹਜੂਰੀ ਵਿੱਚ ਰਹਿਣ ਦਾ ਮਨ ਬਣਾ ਲਿਆ,

ਪੁਰ ਮੁਲਤਾਨ ਅਲੀਪੁਰ ਨੇਰੇ। ਮਾਈ ਦਾਸ ਰਾਜਪੂਤ ਬਸੇਰੇ।
ਤਿਸ ਕੇ ਮਨੀ ਰਾਮ ਸੁਤ ਹੋਯੋ। ਆਇ ਤਰਾਂ ਗੁਰ ਦਰਸ਼ਨ ਜੋਯੋ।
ਪਾਂਚ ਪੁਤ੍ਰ ਲੈ ਆਪਨੇ ਸਾਥ। ਸ਼ਰਨੀ ਪਰਯੋ ਰਹਿਯੋ ਗੁਰ ਨਾਥ।
ਸੋ ਪੰਚਹੁ ਭਰਾਤਾ ਕਰ ਖਰੇ। ਸਿੰਘ ਨਾਮ ਗੁਰ ਤਿਨ ਕੇ ਧਰੇ।
ਬਡੋ ਬਚਿਤ੍ਰ ਸਿੰਘ ਭੱਟ ਭਯੋ। ਉਦੇ ਸਿੰਘ ਦੂਸਰ ਬਿਦਤਯੋ।
ਅਨਿਕ ਸਿੰਘ ਅਰ ਅਜਬ ਸਿੰਘ ਪੁਨ। ਪੰਚਮ ਭਯੋ ਅਜਾਇਬ ਸਿੰਘ ਗੁਨ।
ਅਮ੍ਰਿਤ ਖੰਡੇ ਕੋ ਤਿਨ ਦੀਨਾ। ਮਾਨਹੁ ਪੰਚ ਪਾਂਡਵ ਬਲ ਪੀਨਾ।
ਰੰਨ ਮਹਿ ਕਰੇ ਕਰਮ ਜਿਨ ਭੀਖਨ। ਰਿਪੂ ਮਾਰੇ ਜਿਨ ਸ਼ਸਤ੍ਰ ਤੀਖਨ। (ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ 3 ਅੰਸ਼ੂ 20)

(ਭਾਈ ਮਨੀ ਸਿੰਘ ਜੀ ਦੇ 10 ਪੁੱਤਰਾਂ ਦੇ ਨਾਮ ਇਸ ਪ੍ਰਕਾਰ ਹਨ ਚਿੱਤ੍ਰ ਸਿੰਘ, ਬਚਿਤ੍ਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ, ਅਤੇ ਦੇਸਾ ਸਿੰਘ ਰਹਿਤ ਨਾਮੀਆ। 7 ਪੁੱਤਰ ਸ੍ਰੀ ਸੀਤੋ ਬਾਈ ਜੀ ਦੇ ਕੁਖੋਂ ਤੇ 3 ਗੁਰੀਏ ਚੁਹਾਣ ਹਜਾਵਤ ਦੀ ਪੁਤਰੀ ਸ਼੍ਰੀ ਖੇਮੀਂ ਜੀ ਦੀ ਕੁੱਖ ਤੋਂ ਪੈਦਾ ਹੋਏ ਸਨ।)

ਭਾਈ ਮਨੀ ਸਿੰਘ ਜੀ ਦੀਵਾਨ ਹੋਣ ਕਾਰਨ ਅਨੇਕ ਮਾਲੀ, ਸਿਆਸੀ ਤੇ ਪ੍ਰਬੰਧਕ ਮਸਲਿਆਂ ਵਿੱਚ ਵਿਅਸਤ ਹੋਣ ਦੇ ਬਾਵਜੂਦ ਵੀ ਇਤਨਾ ਸਮਾਂ ਕੱਢ ਲੈਂਦੇ ਸਨ। ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੇ ਗਿਆਨੀ ਬਣ ਗਏ। ਤੇ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾਉਂਦੇ ਸਨ।

ਕਥਾ ਰੋਜ ਗੁਰੂ ਗ੍ਰੰਥ ਕੀ ਸੰਗਤ ਤਾਈਂ ਸੁਨਾਇ।
ਅਨੰਦਪੁਰੇ ਕਛੂ ਸਮਾ ਇਮ ਬੀਤ ਗਯੋ ਧੀ ਆਇ। ( ਸ਼ਹੀਦ ਬਿਲਾਸ)



ਗੁਰੂ ਗੋਬਿੰਦ ਸਿੰਘ ਜੀ ਤੋਂ ਅਮ੍ਰਿਤ ਦੀ ਦਾਤ ਲੈਣ ਉਪਰੰਤ ਗੁਰੂ ਸਾਹਿਬ ਜੀ ਨੇ ਅਮ੍ਰਿਤਸਰ ਸਾਹਿਬ ਦੇ ਸਿੱਖਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਭਾਈ ਮਨੀ ਸਿੰਘ ਜੀ ਨੂੰ ਅਕਾਲ ਬੁੰਗੇ ਦਾ ਸੇਵਾਦਾਰ ਨਿਯੁਕਤ ਕਰ ਕੇ ਆਪ ਦੇ ਨਾਲ ਭਾਈ ਭੂਪਤ ਸਿੰਘ,ਗੁਲਜਾਰ ਸਿੰਘ, ਕੋਇਰ ਸਿੰਘ ਚੰਦਰਾ, ਦਾਨ ਸਿੰਘ ਤੇ ਕੀਰਤ ਸਿੰਘ ਨੂੰ ਭੇਜਿਆ।

ਪ੍ਰਥਮ ਭੁਜੰਗੀ ਵਲ ਮਾਝੇ ਘਲਾਏ।
ਦੇ ਦੇ ਪਹੁਲ ਗੁਰੂ ਚੱਕ ਬਹਾਏ। (ਪ੍ਰਾਚੀਨ ਪੰਥ ਪ੍ਰਕਾਸ਼, ਛਾਪ ਤੀਸਰੀ, ਪੰਨਾ 47)

ਭਾਈ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਲਈ। ਗੁਰ ਮਰਯਾਦਾ ਅਨੁਸਾਰ ਭਾਈ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਜੀ ਦੇ ਤੀਸਰੇ ਮੁੱਖ ਗ੍ਰੰਥੀ ਸਥਾਪਿਤ ਹੋਏ ਪਹਿਲੇ ਬਾਬਾ ਬੁੱਢਾ ਜੀ ਮੱਘਰ ਸੁਦੀ ਚੌਥ ਸੰਮਤ 1688 ਬਿ.(16 ਨਵੰਬਰ 1631ਈ.) ਨੂੰ ਸੱਚਖੰਡ ਪਧਾਰ ਗਏ ਇਹਨਾਂ ਦੇ ਬਾਅਦ ਭਾਈ ਗੁਰਦਾਸ ਜੀ ਦੂਸਰੇ ਮੁੱਖ ਗ੍ਰੰਥੀ ਸਨ ਜੋ ਕਿ ਅਮ੍ਰਿਤਸਰ ਦੀ ਪਹਿਲੀ ਜੰਗ ਤੋਂ ਬਾਅਦ 25 ਭਾਦਰੋਂ ਸੁਦੀ ਪੰਚਮੀ ਸੰਮਤ 1693 ਬਿ. (25 ਅਗਸਤ 1636ਈ.) ਨੂੰ ਸੱਚਖੰਡ ਪਿਆਨਾ ਕਰ ਗਏ। ਤੇ ਬਾਅਦ ਵਿੱਚ ਤੀਸਰੇ ਸਥਾਨ ਤੇ ਭਾਈ ਮਨੀ ਸਿੰਘ ਜੀ ਦਾ ਹੀ ਜਿਕਰ ਆਉਂਦਾ ਹੈ।

ਸ੍ਰੀ ਅਮ੍ਰਿਤਸਰ ਸਾਹਿਬ ਜੀ ਦੀ ਸੇਵਾ ਸੰਭਾਲ ਕਰਦਿਆਂ ਵੀ ਭਾਈ ਮਨੀ ਸਿੰਘ ਜੀ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾ ਨੂੰ ਸ੍ਰੀ ਅਨੰਦਪੁਰ ਸਾਹਿਬ ਆਇਆ ਕਰਦੇ ਸਨ। 1 ਸਤੰਬਰ 1700 ਈ. ਨੂੰ ਹਾਥੀ ਨਾਲ ਲੜਨ ਵਾਲੀ ਜੰਗ ਵਿੱਚ, ਜਿੱਥੇ ਭਾਈ ਸਾਹਿਬ ਜੀ ਦੇ ਦੋ ਪੁੱਤਰ ਭਾਈ ਬਚਿੱਤਰ ਸਿੰਘ ਤੇ ਉਦੇ ਸਿੰਘ ਨੂੰ ਗੁਰੂ ਸਾਹਿਬ ਜੀ ਨੇ ਥਾਪੜਾ ਦੇ ਕੇ ਮੈਦਾਨੇ ਜੰਗ ਵਿੱਚ ਮੁਕਾਬਲੇ ਲਈ ਭੇਜਿਆ ਸੀ ਉਥੇ ਹੀ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਪੁੱਤਰਾਂ ਦੇ ਨਾਲ ਨਾਲ ਭਾਈ ਮਨੀ ਸਿੰਘ ਜੀ ਨੇ ਵੀ ਉਸ ਜੰਗ ਵਿੱਚ ਹਿੱਸਾ ਲਿਆ ਸੀ।

ਲੋਹ ਗਢੇ ਬਰ ਬੀਰ ਮਨੀ ਸਿੰਘ ਮੱਦ੍ਰਜ ਏ ਭੱਟ ਤੀਰ ਬੁਲਾਯੋ।

ਢਾਲ ਕ੍ਰਿਪਾਨ ਬੰਦੂਕ ਕਮਾਨ, ਦਏ ਸਭ ਆਯੁਧ ਮਾਨ ਬਢਾਯੋ। (ਵੀਰ ਸਿੰਘ ਬਲ ਕ੍ਰਿਤ ਸਿੰਘ ਸਾਗਰ, ਅਧਿਆਏ 11)

ਇਸ ਤੋਂ ਬਾਅਦ ਅਗਲੀਆਂ ਜੰਗਾਂ ਵਿੱਚ ਵੀ ਭਾਈ ਸਾਹਿਬ ਜੀ ਸਮੇਤ ਆਪ ਜੀ ਦੇ ਪੁੱਤਰਾਂ ਨੇ ਗੁਰੂ ਸਾਹਿਬ ਜੀ ਦਾ ਥਾਪੜਾ ਲੈ ਕੇ ਆਪਣੀ ਤਾਕਤ ਦੇ ਜੌਹਰ ਦਿਖਾਏ ਜਿਸ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਇੱਕ ਉਚੇਚਾ ਹੁਕਮਨਾਮਾ ਬਖਸ ਕੇ ਆਪ ਜੀ ਨੂੰ ਨਿਵਾਜਿਆ।

ੴ ਸਤਿਗੁਰ ਪ੍ਰਸਾਦਿ।।

ਸ਼੍ਰੀ ਸਤਿਗੁਰੂ ਜੀ ਕੀ ਆਗਿਆ ਹੈ।। ਭਾਈ ਬਚਿੱਤ੍ਰ ਸਿੰਘ ਜੀ।। ਭਾਈ ਉਦੇ ਸਿੰਘ ਜੀ।। ਭਾਈ ਅਨਿਕ ਸਿੰਘ ਜੀ।। ਭਾਈ ਅਜਬ ਸਿੰਘ ਜੀ।। ਭਾਈ ਅਜਾਇਬ ਸਿੰਘ ਜੀ।। ਨਾਇਕ ਮਾਈ ਦਾਸ ਵੋਇ ਮਨੀ ਸਿੰਘ ਨੂੰ ਵਾਹਗੁਰੂ ਸਰਮ ਰਖੇਗਾ।। ਤੁਸੀਂ ਮੇਰੇ ਪੁੱਤਰ ਫਰਜੰਦਹ ਖਾਨ ਜਾਦ ਹੋ।। ਤੁਸਾਂ ਉਪਰ ਮੇਰੀ ਖੁਸ਼ੀ ਹੈ। ਸਭ ਵਰਤਾਰੇ ਕੇ ਤੁਸੀਂ ਮਹਿਰਮ ਹੋ।। ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਆ ਰਛਿਆ ਦਾ। ਜੋ ਅਸਾਨੂ ਦੇਹਿਗਾ।। ਇਹ ਮੇਰੇ ਪੁੱਤ੍ਰ ਫਰਜੰਦ ਹੈਨਿ।। ਸਿੱਖਾਂ ਪੁੱਤਾਂ ਦਾ ਵਾਦਾ ਵ ਲਾ ਹੈ।। ਜੇ ਲੋਚ ਕੇ ਸੇਵਾ ਕਰੋਗੇ ਤੁਸਾਡੀ ਸੇਵਾ ਦਰਗਾਹਿ ਥਾਇ ਪਵੈਗੀ।। ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ।।

(ਸੰਮਤ 1760 ਮਿਤੀ ਕੱਤਕ 1)

ਲੇਖ ਦੇ ਅਕਾਰ ਨੂੰ ਮੁੱਖ ਰੱਖਦੇ ਹੋਏ ਭਾਈ ਸਾਹਿਬ ਜੀ ਸਾਰੇ ਜੀਵਨ ਬਾਰੇ ਲਿਖਣਾ ਮੁਸ਼ਿਕਲ ਹੈ। ਇਸ ਲਈ ਤਾਂ ਕਈ ਹਜਾਰਾਂ ਪੰਨਿਆ ਦੀ ਕਿਤਾਬ ਭਰ ਜਾਵੇਗੀ

ਸਾਧੂ ਦਿਆਲ ਦਾਸ ਕ੍ਰਿਤ ਦੌਰੇ ਦੀ ਸਾਖੀ ਪੋਥੀ ਵਿੱਚ ਲਿਖਦਾ ਹੈ ਕਿ ਗੁਰੂ ਜੀ ਦੇ ਦੱਖਣ ਜਾਣੇ ਕੀ ਤਿਆਰੀ ਕੀਤੀ. ਸੁਣ ਕੇ ਗੁਰੂ ਜੀ ਦਾ ਬਾਕ ਸਰਬਤ੍ਰ ਖ਼ਾਲਸੇ ਨੇੜੇ ਦੂਰ ਕੇ ਹੁਮ ਹੁਮਾ ਕੇ ਆਏ ਦਰਸ਼ਨਾ ਨੂੰ। ਭਾਈ ਰੂਪੇ ਦੇ ਧਰਮ ਸਿੰਘ ਆਇਆ। ਅੰਮ੍ਰਿਤਸਰ ਤੇ ਮਨੀ ਸਿੰਘ ਜੀ ਆਏ ਸੰਗਤ ਕੋ ਸਾਥ ਲੈ ਕੇ। ਰਾਮ ਦਾਸੋ ਭਾਈ ਗੁਰਬਖਸ ਸਿੰਘ ਜੀ ਆਏ, ਸੰਗਤ ਕੋ ਸਾਥ ਲੈ ਕੇ। ਆਪਣੀ ਆਪਣੀ ਭੇਟਾ ਸਰਬਤ੍ਰ ਨੇ। ਦਰਬਾਰੀ ਘਰਬਾਰੀ ਦੀਵਾਨ ਸੇ ਗੁਰੂ ਜੀ ਕੇ, ਉਨਾਂ ਬੇਨਤੀ ਕੀਤੀ, ਪਾਤਿਸ਼ਾਹ। ਸਭ ਸਿੱਖ ਕੋਈ ਚਲਿਆ ਆਵਦਾ ਹੈ। ਦਖਣ ਭੱਠ ਪਈ ਕਾ ਕੀ ਨਾਉ ਲੈਦੇ ਹਉ।

ਗੁਰੂ ਜੀ ਬਚਨ ਕੀਤਾ, ਨਾ ਵੇ!! ਸਾਡਾ ਕੰਮ ਹੀ ਹੈ, ਅਸਾ ਨੂੰ ਜਰੂਰ ਜਾਣਾ ਹੀ ਹੈ। ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ , ਭਾਈ ਧਰਮ ਸਿੰਘ, ਦਾਨ ਸਿੰਘ ਕਾ ਬੇਟਾ, ਗੁਰਬਖਸ ਸਿੰਘ, ਭਾਈ ਸੰਤੋਖ ਸਿੰਘ ਏ ਪੰਜੇ ਨਾਮਦਾਰ ਗੁਰੂ ਜੀ ਕੇ ਸਾਥ ਹੀ ਚੜ੍ਹੇ ਚਰਨ ਕਮਲੋਂ ਕੇ . ਕਤਿਕ ਸੁਦੀ ਤਿਥਿ ਪੰਚਮੀ ਸਵਾ ਪਹਿਰ ਦਿਨ ਚੜ੍ਹੇ ਕੂਚ ਕੀਆ ਦਖਣ ਕਉ.

ਸ਼ਹੀਦ ਬਿਲਾਸ ਦੇ ਅਨੁਸਾਰ ਭਾਈ ਮਨੀ ਸਿੰਘ ਜੀ ਬਘੌਰ ਤੋਂ ਵਾਪਿਸ ਅੰਮ੍ਰਿਤਸਰ ਸਾਹਿਬ ਆ ਗਏ ਸਨ। ਗੁਰੂ ਸਾਹਿਬ ਜੀ ਦੇ ਦੱਖਣ ਜਾਣ ਦੇ ਬਾਅਦ ਸਿੱਖਾਂ ਵਿੱਚ ਕੁੱਝ ਉਦਾਸੀ ਛਾ ਗਈ ਸੀ। ਭਾਈ ਸਾਹਿਬ ਨੇ ਵਾਪਿਸ ਆ ਕੇ ਇਸ ਉਦਾਸੀ ਨੂੰ ਦੂਰ ਕਰਨ ਲਈ। ਬਾਬਾਣੀਆਂ ਕਹਾਣੀਆਂ ਕਰਨ ਦਾ ਢੰਗ ਸੋਚਿਆ। ਦਸਵੇਂ ਪਾਤਿਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸਿੱਖੀ ਦੀ ਲਹਿਰ ਨੂੰ ਸੋਕੇ ਦਾ ਖਤਰਾ ਸੀ। ਭਾਈ ਸਾਹਿਬ ਜੀ ਨੇ ਸਮੇਂ ਦੀ ਨਜਾਕਤ ਨੂੰ ਸਮਝਦੇ ਹੋਏ ਵੈਸਾਖੀ ਸ੍ਰੀ ਅਮ੍ਰਿਤਸਰ ਸਾਹਿਬ ਮਨਾਉਣ ਲਈ ਦੂਰ ਦੂਰ ਤੱਕ ਪੱਤ੍ਰ ਘੱਲੇ ਇਹ ਢੰਗ ਜਥੇਬੰਦੀ ਨੂੰ ਮਜਬੂਤ ਕਰਨ ਦਾ ਸੀ। ਉਪਰੰਤ ਬਾਬਾ ਬੰਦਾ ਸਿੰਘ ਜੀ ਬਹਾਦੁਰ ਦਾ ਪੰਜਾਬ ਆਉਣਾ ਤੇ ਪਹਿਲਾ ਸਿੱਖ ਰਾਜ ਕਾਇਣ ਕਰਨ ਵੇਲੇ ਵੀ ਭਾਈ ਮਨੀ ਸਿੰਘ ਜੀ ਦੁਆਰਾ ਚਲਾਈ ਹੋਈ ਲਹਿਰ ਦਾ ਉਸ ਵਿੱਚ ਬਹੁਤ ਸਹਿਯੋਗ ਸੀ। ਉਸ ਵਿੱਚ ਤੱਤ ਖਾਲਸਾ ਤੇ ਬੰਦਈ ਖਾਲਸਾ ਦੇ ਝਗੜੇ ਦਾ ਨਿਪਟਾਰਾ ਵੀ ਇੱਕ ਬਹੁਤ ਸ਼ਲਾਘਾਯੋਗ ਫੈਸਲਾ ਸੀ। ਉਸ ਵੇਲੇ ਤੱਕ ਭਾਈ ਸਾਹਿਬ ਜੀ ਉਮਰ 80 ਕੁ ਸਾਲ ਦੇ ਲਗਭਗ ਸੀ। ਬੇਸ਼ੱਕ ਆਪ ਜੀ ਜੰਗ ਦੇ ਮੈਦਾਨਾ ਵਿੱਚ ਉਸ ਵੇਲੇ ਅਗਵਾਈ ਨਹੀਂ ਸੀ ਕਰ ਰਹੇ ਪਰ ਇੱਕ ਸੁਲਝੇ ਤੇ ਸਮਝਦਾਰ ਘਰ ਦੇ ਬਜ਼ੁਰਗ ਬਣ ਕੇ ਸਿੱਖਾਂ ਦੇ ਜਥਿਆਂ ਦੀ ਅਗਵਾਈ ਕਰਦੇ ਸਨ।

ਅਖੀਰ 90 ਵਰਿਆਂ ਦੀ ਉਮਰ ਵਿੱਚ ਦਿਵਾਲੀ ਦੇ ਇੱਕਠ ਦੀ ਮਨਜ਼ੂਰੀ ਲਈ ਸਰਕਾਰ ਨਾਲ ਕੀਤੇ ਕਰਾਰ ਜੋ ਕਿ ਸਰਕਾਰ ਦੀਆਂ ਨੀਤੀਆਂ ਨੇ ਹੀ ਤੁੜਵਾਇਆ ਜਦੋਂ ਉਸ ਦੀ ਰਕਮ ਭਾਈ ਸਾਹਿਬ ਜੀ ਨੇ ਨਾ ਦਿੱਤੀ ਤਾਂ ਉਹਨਾਂ ਨੂੰ ਹਾੜ ਸੁਦੀ ਪੰਚਮੀ ਸੰਮਤ 1791 ਬਿ(24 ਜੂਨ 1734ਈ.) ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਮਨੀ ਸਿੰਘ ਮਾਈ ਦਾਸ ਕਾ, ਪੋਤਾ ਬਲੂ ਕਾ, ਪੜਪੋਤਾ ਮੂਲੇ ਕਾ ਸ਼ਾਹੀ ਹੁਕਮ ਗੈਲ ਅਸਾਢ ਸੁਦੀ ਪੰਚਮੀ ਸੰਬਤ 1791 ਕੋ ਲਾਹੌਰ ਕੇ ਮਲਹਾਨ 6 ਘੜੀ ਦਿਨ ਚਢੇ ਬੰਦ ਬੰਦ ਕਾਟਾ। ਭੂੰ ਕਾਟ ਆਇਆ, ਗੈਲੋਂ ਜਗਤ ਸਿੰਘ ਬੇਟਾ ਮਾਈ ਦਾਸ ਕਾ , ਚਿਤ੍ਰ ਸਿੰਘ ਬੇਟਾ ਮਨੀ ਸਿੰਘ ਕਾ, ਗੁਰਬਖਸ ਸਿੰਘ ਬੇਟਾ ਮਨੀ ਸਿੰਘ ਕਾ ਮਾਰੇ ਗਏ। ਆਗੇ ਗੁਰੂ ਭਾਨੇ ਕਾ ਖਾਵਿੰਦ, ਗੁਰੂ ਗੁਰੂ ਜਨਮ ਸਵਰੇਗਾ।

ਭਾਈ ਮਨੀ ਸਿੰਘ ਜੀ ਦੀ ਸਹਾਦਤ ਨੂੰ ਕੋਟ ਕੋਟ ਪ੍ਰਣਾਮ ਜਿਹਨਾਂ ਨੇ ਆਪਣਾ ਸਾਰਾ ਜੀਵਨ ਤੇ ਪੂਰਾ ਪਰਿਵਾਰ ਰਿਸ਼ਤੇਦਾਰੀਆਂ ਸਮੇਤ ਗੁਰੂ ਘਰ ਦੇ ਲੇਖੇ ਲਾਇਆ।

-ਸੁਰਜੀਤ ਸਿੰਘ ਜਰਮਨੀ (ਡਾ.)

ਅਕਾਲ ਤਖਤ ਸਾਹਿਬ ਵਿਖੇ ਭਾਈ ਗਜਿੰਦਰ ਸਿੰਘ ਤੇ ਭਾਈ ਹਰਦੀਪ ਸਿੰਘ ਨਿਜਰ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ

# ਦਲ ਖਾਲਸਾ ਤੇ ਸਿੱਖ ਜਥੇਬੰਦੀਆਂ ਵੱਲੋਂ ਸ਼ਰਧਾਂਜਲੀ, ਕੇਂਦਰੀ ਸਿੱਖ ਅਜਾਇਬ ਘਰ 'ਚ ਤਸਵੀਰਾਂ ਲਗਾਉਣ ਦੀ ਮੰਗ

## ਸਿਮਰਨਜੀਤ ਸਿੰਘ ਮਾਨ ਨੇ ਸਿੱਖ ਸਿਆਸਤ ਤੇ ਹੱਕਾਂ ਬਾਰੇ ਜਤਾਇਆ ਦੁੱਖ ਤੇ ਰੋਸ













**ਅੰਮ੍ਰਿਤਸਰ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਅਕਾਲ ਤਖਤ ਸਾਹਿਬ ਦੇ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਵਿਖੇ ਦਲ ਖਾਲਸਾ ਦੇ ਬਾਨੀ ਤੇ ਹਾਈਜੈਕਰ ਭਾਈ ਗਜਿੰਦਰ ਸਿੰਘ ਅਤੇ ਕਨੇਡਾ ਵਿੱਚ ਸ਼ਹੀਦ ਹੋਏ ਭਾਈ ਹਰਦੀਪ ਸਿੰਘ ਨਿਜਰ ਦੀ ਯਾਦ 'ਚ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਹ ਸਮਾਗਮ ਦੌਰਾਨ ਵੱਖ ਵੱਖ ਸਿੱਖ ਜਥੇਬੰਦੀਆਂ ਤੇ ਦਲ ਖਾਲਸਾ ਵੱਲੋਂ ਦੋਵਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸਮਾਗਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦਲ ਖਾਲਸਾ ਦੀ ਟੀਮ, ਭਾਈ ਨਰਾਇਣ ਸਿੰਘ ਚੌੜਾ, ਭਾਈ ਦਲਜੀਤ ਸਿੰਘ ਬਿੱਟੂੜਾ ਸਮੇਤ ਕਈ ਸ਼ਖਸੀਅਤਾਂ ਨੇ ਹਾਜ਼ਰੀ ਭਰੀ। ਦਲ ਖਾਲਸਾ ਦੇ ਆਗੂ ਪਰਮਜੀਤ ਸਿੰਘ ਮੰਡ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਈ ਗਜਿੰਦਰ ਸਿੰਘ ਅਤੇ ਭਾਈ ਹਰਦੀਪ ਸਿੰਘ ਨੇ ਆਪਣੀ ਉਮਰ ਸਿੱਖ ਰਾਜ ਤੇ ਖਾਲਿਸਤਾਨ ਲਈ ਸੰਘਰਸ਼ ਵਿੱਚ ਵਾਰ ਦਿੱਤੀ। ਉਨ੍ਹਾਂ ਮੰਗ ਕੀਤੀ ਕਿ ਦੋਹਾਂ ਸ਼ਹੀਦਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਈ ਜਾਵੇ, ਜਿਵੇਂ ਗਿਆਨੀ ਰਘਬੀਰ ਸਿੰਘ ਵੱਲੋਂ ਇੱਕ ਸਾਲ ਪਹਿਲਾਂ ਆਦੇਸ਼ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਹੋਰਾਂ ਤਸਵੀਰਾਂ ਤਾਂ ਲਗਾਈਆਂ, ਪਰ ਇਹ ਦੋ ਵਿਅਕਤੀ ਅਜੇ ਤੱਕ ਅਣਗੋਲਿਆਂ ਹਨ, ਜੋ ਦੁਖਦਾਈ ਗੱਲ ਹੈ। ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਭਾਈ ਹਰਦੀਪ ਸਿੰਘ ਨਿਜਰ ਦੀ ਸ਼ਹਾਦਤ ਨੇ ਸੰਘਰਸ਼ ਨੂੰ ਵਿਦੇਸ਼ਾਂ ਤੱਕ ਪਹੁੰਚਾਇਆ। ਉਨ੍ਹਾਂ ਕਿਹਾ ਕਿ ਕਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਵੀ ਇਸ ਮਾਮਲੇ ਨੂੰ ਜੁਡੀਸ਼ਅਲ ਕੋਲ ਦੱਸ ਕੇ ਗੰਭੀਰਤਾ ਦਿਖਾਈ ਗਈ। ਭਾਈ ਨਿਜਰ ਦਾ ਕੇਸ ਅੱਜ ਇੰਟਰਨੈਸ਼ਨਲ ਟੇਬਲਾਂ ਤੇ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ, ਜੋ ਸਿੱਖ ਕੌਮ ਦੇ ਸੰਘਰਸ਼ ਦੀ ਗੂੰਜ ਦੱਸਦਾ ਹੈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਸਿੱਧਾ ਇਲਜ਼ਾਮ ਲਾਇਆ ਕਿ ਸਿੱਖਾਂ ਦੀ ਗੱਲ ਨਾ ਕੇਂਦਰ ਸੁਣਦਾ, ਨਾ ਵਿਦੇਸ਼ੀ ਮੰਚ। ਉਨ੍ਹਾਂ ਆਖਿਆ ਕਿ ਭਾਰਤ ਦੀ ਨੀਤੀ ਅਤੇ ਸਿਆਸੀ ਢਾਂਚਾ ਸਿੱਖਾਂ ਨੂੰ ਹਮੇਸ਼ਾ ਅਣਡਿੱਠਾ ਕਰਦਾ ਆ ਰਿਹਾ ਹੈ। ਭਾਈ ਗਜਿੰਦਰ ਸਿੰਘ ਪਾਕਿਸਤਾਨ ਵਾਸੀ ਬਣਨ ਲਈ ਮਜਬੂਰ ਹੋਏ, ਜੋ ਇਹ ਸਾਬਤ ਕਰਦਾ ਹੈ ਕਿ ਪੰਜਾਬ ਵਿੱਚ ਸਿੱਖਾਂ ਨੂੰ ਸੁਰੱਖਿਆ, ਇਨਸਾਫ ਅਤੇ ਹੱਕ ਨਹੀਂ ਮਿਲ ਰਹੇ। ਮਾਨ ਨੇ ਇਹ ਵੀ ਕਿਹਾ ਕਿ ਹਿੰਦੂ ਤੇ ਮੁਸਲਮਾਨ ਆਪਣੀ ਲੜਾਈ ਲਈ ਤਿਆਰ ਨੇ, ਪਰ ਸਿੱਖ ਆਪਣੀਆਂ ਜ਼ਮੀਨੀਆਂ ਤੇ ਹੱਕਾਂ ਤੋਂ ਵੀ ਦੂਰ ਕਰ ਦਿੱਤੇ ਗਏ ਹਨ। ਉਨ੍ਹਾਂ ਸਿੱਖ ਜਥੇਦਾਰਾਂ ਤੇ ਆਗੂਆਂ ਨੂੰ ਤੰਜ਼ ਕਰਦਿਆਂ ਕਿਹਾ ਕਿ ਸਿੱਖਾਂ ਦੀ ਆਵਾਜ਼ ਨੂੰ ਉਨ੍ਹਾਂ ਵੱਲੋਂ ਹੀ ਦਬਾਇਆ ਜਾਂਦਾ ਜਿਹੜੇ ਕੌਮ ਦੇ ਨੁਮਾਇੰਦੇ ਬਣਦੇ ਨੇ। ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




# ਮਹਾਨ ਗੁਰਮਤਿ ਸਮਾਗਮ

☛ ਮਹਾਨ ਦਿਹਾੜਾ ਮੀਰੀ ਪੀਰੀ ਦਿਵਸ ☛ ਸਿਰਜਨਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ ਜੀ। ☛ ਸਲਾਨਾ ਬਰਸੀ ਸੰਤ ਬਾਬਾ ਜਵੰਧ ਸਿੰਘ ਜੀ ਹਵਾਈਂ ਅੱਡਾ ਸ੍ਰੀ ਅੰਮ੍ਰਿਤਸਰ ਸਾਹਿਬ ਜੀ ☛ ਮੀਰੀ ਪੀਰੀ ਦਿਵਸ਼ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ



**ਸ਼ਨਿੱਚਰਵਾਰ 5 ਜੁਲਾਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ**

ਐਤਵਾਰ 6 ਜੁਲਾਈ 2025 ਨੂੰ 6:30 ਵਜੇ ਸਵੇਰੇ ਚੌਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ। ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ

ਕੀਰਤਨੀ ਜਥਾ ਭਾਈ ਮਾਨ ਸਿੰਘ ਪਟਿਆਲਾ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਭਾਰਤ ਦੀ ਗ਼ੁਲਾਮੀ ਤੋਂ ਖ਼ਾਲਿਸਤਾਨ ਦੀ ਅਜ਼ਾਦੀ ਵੱਲ

ਸੰਨ 1849 'ਚ ਜਦੋਂ ਦਾ ਸਿੱਖ ਰਾਜ ਦਾ ਸੂਰਜ ਡੁੱਬਿਆ, ਓਦੋਂ ਤੋਂ ਹੀ ਸਿੱਖ ਗ਼ੁਲਾਮੀ ਭੋਗ ਰਹੇ ਨੇ। ਅੰਗਰੇਜ਼ਾਂ ਵਿਰੁੱਧ ਸਿੱਖਾਂ ਨੇ ਤਕੜਾ ਸੰਘਰਸ਼ ਲੜਿਆ ਪਰ 1947 'ਚ ਫਿਰ ਦੂਜੀ ਗ਼ੁਲਾਮੀ 'ਚ ਫਸ ਗਏ। ਜਿਸ ਭਾਰਤ ਨੂੰ ਅਜ਼ਾਦ ਕਰਾਇਆ, ਓਸੇ ਨੇ ਹੀ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਹਾਲਾਂਕਿ ਸਿੱਖਾਂ ਨਾਲ਼ 1947 ਤੋਂ ਹੀ ਧੱਕੇ-ਵਿਤਕਰੇ ਤੇ ਜ਼ੁਲਮ ਹੋ ਰਹੇ ਸਨ, ਪਰ ਜੂਨ 1984 ਦਾ ਘੱਲੂਘਾਰਾ ਤੇ ਨਵੰਬਰ 1984 ਦੀ ਨਸਲਕੁਸ਼ੀ ਸਿਖ਼ਰ ਹੋ ਨਿਬੜੀ। ਫਿਰ ਸਿੱਖਾਂ ਨੇ ਫ਼ੈਸਲਾ ਲੈ ਲਿਆ ਕਿ ਹੁਣ ਹੋਰ ਗ਼ੁਲਾਮੀ ਨਹੀਂ ਸਹਿਣੀ ਤੇ ਆਪਣਾ ਮੁਲਕ 'ਖ਼ਾਲਿਸਤਾਨ' ਆਜ਼ਾਦ ਕਰਵਾਉਣਾ ਹੈ।

ਵੀਹਵੀਂ ਸਦੀ ਦੇ ਮਹਾਨ ਸਿੱਖ, ਸੰਤ-ਸਿਪਾਹੀ, ਜਰਨੈਲਾਂ ਦੇ ਜਰਨੈਲ, ਮਰਦ-ਏ-ਮਜ਼ਾਹਿਦ, ਬਾਬਾ-ਏ-ਕੌਮ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਬੋਲ ਹਰੇਕ ਸਿੱਖ ਨੇ ਪੱਲੇ ਬੰਨ੍ਹ ਲਏ ਕਿ 'ਜੇ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਏਗੀ।'

ਆਵਾਜ਼ਿ ਕੌਮ AWAZE QAUM
International Newspaper & WEB TV

ਸੰਤ ਜੀ ਇੱਕ ਲਾਈਨ ਵਿੱਚ ਹੀ ਸਿੱਖਾਂ ਨੂੰ ਅਗਲਾ ਨਿਸ਼ਾਨਾ ਦੱਸ ਗਏ ਸਨ। ਫਿਰ ਸਿੱਖਾਂ ਨੇ ਭਾਰਤੀ ਜਬਰ-ਜ਼ੁਲਮ ਖ਼ਿਲਾਫ਼ ਅਤੇ ਪ੍ਰਭੂਸੱਤਾ ਸੰਪੰਨ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੀ ਸਿਰਜਣਾ ਲਈ ਹਥਿਆਰਬੰਦ ਹੋ ਕੇ ਲੰਮੀ ਲੜਾਈ ਲੜੀ, ਤੇ ਇਹ ਸੰਘਰਸ਼ ਰਾਜਨੀਤਕ, ਜ਼ਮਹੂਰੀਅਤ ਅਤੇ ਸ਼ਾਂਤਮਈ ਢੰਗ ਨਾਲ਼ ਅੱਜ ਵੀ ਜਾਰੀ ਹੈ।

ਪੰਜਾਬ ਅਤੇ ਭਾਰਤ 'ਚ ਵਾਪਰਦੀਆਂ ਘਟਨਾਵਾਂ ਹਰ ਰੋਜ਼ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਉਂਦੀਆਂ ਨੇ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੁੰਦੀਆਂ ਨੇ, ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਪੰਜਾਬ ਦੇ ਦਰਿਆਈ ਪਾਣੀ ਲੁੱਟੇ ਜਾਂਦੇ ਨੇ, ਸਿੱਖਾਂ ਦੇ ਕਕਾਰਾਂ ਅਤੇ ਪੰਜਾਬੀ ਬੋਲੀ 'ਤੇ ਪਾਬੰਦੀ ਲੱਗਦੀ ਏ, ਸਿੱਖਾਂ ਨੂੰ ਬੇਵਜ੍ਹਾ ਗ਼ੈਰ-ਕਾਨੂੰਨੀ ਹਿਰਾਸਤਾਂ ਕੱਟਣੀਆਂ ਪੈਂਦੀਆਂ ਨੇ, ਨਸ਼ਿਆਂ ਰਾਹੀਂ ਨੌਜਵਾਨਾਂ ਨੂੰ ਮਾਰਿਆ ਜਾਂਦਾ ਏ, ਪੰਥ ਅਤੇ ਪੰਜਾਬ ਦੀ ਆਵਾਜ਼ ਨੂੰ ਦਬਾਇਆ ਜਾਂਦਾ ਹੈ ਤਾਂ ਆਪ ਮੁਹਾਰੇ ਹੀ ਖ਼ਾਲਿਸਤਾਨ ਦੀ ਲੋੜ ਮਹਿਸੂਸ ਹੁੰਦੀ ਹੈ।

ਫਿਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਬੋਲ ਵਾਰ-ਵਾਰ ਚੇਤੇ ਆਉਂਦੇ ਨੇ ਤੇ ਮਸਲਿਆਂ ਦਾ ਇੱਕੋ-ਇੱਕ ਹੱਲ 'ਅਜ਼ਾਦੀ' ਹੀ ਨਜ਼ਰ ਆਉਂਦਾ ਹੈ। ਸੰਤਾਂ ਨੇ ਪਹਿਲਾਂ ਖ਼ੁਦ ਗ਼ੁਲਾਮੀ ਨੂੰ ਮਹਿਸੂਸ ਕੀਤਾ ਤੇ ਫਿਰ ਵਾਰ-ਵਾਰ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਅਤੇ ਚੇਤਾ ਕਰਵਾਇਆ ਤੇ ਅਜ਼ਾਦੀ ਦਾ ਪਾਠ ਪੜ੍ਹਾਇਆ। ਸੰਤ ਜੀ ਕਿਹਾ ਕਰਦੇ ਸਨ ਕਿ "1947 'ਚ ਅਸੀਂ ਟੋਪੀ ਤੇ ਜਨੇਊ ਨੂੰ ਅਜ਼ਾਦ ਕਰਾਇਆ ਸੀ, ਹੁਣ ਅਸੀਂ ਆਪਣੀ ਪੱਗ ਅਜ਼ਾਦ ਕਰਾਉਣੀ ਆਂ।", "ਹੁਣ ਸਿਰ ਜਿੰਨੇ ਮਰਜ਼ੀ ਲਾਉਣੇ ਪੈਣ, ਅਜ਼ਾਦ ਜ਼ਰੂਰ ਹੋਣਾ ਹੈ।", "ਹਰ ਇੱਕ ਮਾਈ, ਭਾਈ, ਬੱਚੇ, ਨੌਜੁਆਨ ਤੇ ਬਜ਼ੁਰਗ ਨੂੰ ਇਹ ਅਹਿਸਾਸ ਕਰਾਉਣਾ ਚਾਹੀਦਾ ਹੈ ਕਿ ਆਪਾਂ ਹਿੰਦੁਸਤਾਨ 'ਚ ਗ਼ੁਲਾਮ ਹਾਂ।", "ਸਿੱਖ ਭਾਰਤ 'ਚ ਗ਼ੁਲਾਮ ਹਨ, ਅਸੀਂ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣੀਆਂ ਹਨ।"

ਸੰਤ ਭਿੰਡਰਾਂਵਾਲ਼ੇ ਸਿੱਖਾਂ ਦੀ ਅਜ਼ਾਦੀ ਦੇ ਮਹਾਂਨਾਇਕ ਹਨ, ਉਹਨਾਂ ਦੀ ਤਸਵੀਰ ਹੋਵੇ ਜਾਂ ਤਕਰੀਰ ਸਿੱਖਾਂ ਨੂੰ ਅਜ਼ਾਦੀ ਵੱਲ ਲਿਜਾਂਦੀ ਹੈ ਤੇ ਪੰਥਕ ਫ਼ਰਜ਼ ਅਦਾ ਕਰਨ ਲਈ ਪ੍ਰੇਰਦੀ ਹੈ। ਉਹ ਆਪ ਨਹੀਂ ਵਿਕੇ, ਤਾਂ ਹੀ ਤਸਵੀਰਾਂ ਵਿਕਦੀ ਹੈ। ਸਿੱਖਾਂ ਅਤੇ ਸਰਕਾਰਾਂ ਦੋਵਾਂ ਨੂੰ ਅਹਿਸਾਸ ਹੈ ਕਿ ਸੰਤ ਭਿੰਡਰਾਂਵਾਲ਼ੇ ਹੀ ਖ਼ਾਲਿਸਤਾਨ, ਅਤੇ ਖ਼ਾਲਿਸਤਾਨ ਹੀ ਸੰਤ ਭਿੰਡਰਾਂਵਾਲ਼ੇ ਹਨ ਭਾਵ ਦੋਵੇਂ ਇੱਕ-ਦੂਜੇ ਨਾਲ਼ ਸੰਬੰਧਤ ਤੇ ਪੂਰਕ ਹਨ। ਸੰਤ ਭਿੰਡਰਾਂਵਾਲ਼ਿਆਂ ਦੇ ਅਣਖ਼ੀਲੇ ਬੋਲਾਂ ਅਤੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਤੇ ਸਿੱਖਾਂ ਨਾਲ਼ ਹੋਏ ਜ਼ੁਲਮਾਂ ਕਰਕੇ ਖ਼ਾਲਿਸਤਾਨ ਦੇ ਸੰਘਰਸ਼ ਨੂੰ ਬਲ ਮਿਲ਼ਿਆ। ਪੰਜਾਬ, ਭਾਰਤ ਅਤੇ ਵਿਦੇਸ਼ਾਂ 'ਚ ਖ਼ਾਲਿਸਤਾਨ ਦੀ ਗੱਲ ਹੁਣ ਅਕਸਰ ਚੱਲਦੀ ਰਹਿੰਦੀ ਹੈ। ਹੁਣ ਸਿੱਖਾਂ ਨੂੰ ਖ਼ਾਲਿਸਤਾਨ ਤੋਂ ਕੋਈ ਮੋੜਾ ਨਹੀਂ ਪਾ ਸਕਦਾ, ਸਿੱਖ ਅਤੇ ਖ਼ਾਲਿਸਤਾਨ ਇੱਕ ਹੋ ਚੁੱਕੇ ਹਨ।

ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਤੋਂ ਬਾਅਦ ਪੂਰੀ ਦੁਨੀਆਂ 'ਚ ਸਿੱਖਾਂ ਦੀ ਅਜ਼ਾਦੀ 'ਖ਼ਾਲਿਸਤਾਨ' ਦੇ ਚਰਚੇ ਹੋਏ। ਭਾਰਤ ਦੰਗ ਰਹਿ ਗਿਆ ਤੇ ਖ਼ਾਲਿਸਤਾਨ ਅੰਤਰ-ਰਾਸ਼ਟਰੀ ਮੁੱਦਾ ਬਣ ਗਿਆ। ਇਹ ਗੁਰੂ ਦੀ ਰਹਿਮਤ ਅਤੇ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦੀ ਤਾਕਤ ਹੈ। ਸਿੱਖਾਂ ਨੇ 'ਰਾਜ ਕਰੇਗਾ ਖ਼ਾਲਸਾ' ਦੇ ਸੰਕਲਪ ਨੂੰ ਹਰ ਹੀਲੇ ਸਾਕਾਰ ਕਰਨਾ ਹੈ। ਗੁਰਬਾਣੀ 'ਚ ਆਏ ਸ਼ਬਦ 'ਹਲੇਮੀ ਰਾਜ' ਅਤੇ 'ਬੇਗਮਪੁਰਾ' ਨੇ ਖ਼ਾਲਿਸਤਾਨ 'ਚ ਹੀ ਵਰਤਣਾ ਹੈ। ਦੁਨੀਆਂ ਨੇ ਦੁਬਾਰਾ ਫਿਰ ਬਾਬਾ ਬੰਦਾ ਸਿੰਘ ਬਹਾਦਰ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਵੇਖਣਾ ਹੈ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਬਚਨ ਪੂਰੇ ਹੋਣਗੇ, ਉਹਨਾਂ ਕਿਹਾ ਸੀ ਕਿ "ਦੁਨੀਆਂ 'ਚ ਇਹ ਮਿਸਾਲ ਬਣੇਗੀ ਕਿ ਖ਼ਾਲਿਸਤਾਨ ਬਣਿਆਂ, ਖ਼ਾਲਿਸਤਾਨ ਜ਼ਰੂਰ ਬਣੇਗਾ।"

ਹਰ ਸਾਲ ਜੂਨ 1984 ਦੇ ਘੱਲੂਘਾਰੇ ਦਿਹਾੜੇ 'ਤੇ ਖ਼ਾਲਿਸਤਾਨ ਦੀਆਂ ਗੂੰਜਾਂ ਪੈਂਦੀਆਂ ਹਨ, ਮਾਰਚ-ਪ੍ਰਦਰਸ਼ਨ-ਤਕਰੀਰਾਂ ਤੇ ਨਾਹਰੇਬਾਜ਼ੀ ਹੁੰਦੀ ਹੈ, ਭਾਰਤੀ ਮੀਡੀਆ 'ਚ ਵੀ ਖ਼ਾਲਿਸਤਾਨ ਦਾ ਮੁੱਦਾ ਛਾਇਆ ਰਹਿੰਦਾ ਹੈ, ਭਾਰਤ ਸਰਕਾਰ ਅਕਸਰ ਚਿੰਤਤ ਰਹਿੰਦੀ ਹੈ, ਪੰਜਾਬ ਪੁਲੀਸ ਵੀ ਖ਼ਾਲਿਸਤਾਨੀ ਸਿੰਘਾਂ ਨੂੰ ਤੰਗ-ਪ੍ਰੇਸ਼ਾਨ ਕਰਦੀ ਰਹਿੰਦੀ ਹੈ, ਵਿਦੇਸ਼ਾਂ ਦੇ ਸਿੱਖ ਭਾਰਤੀ ਅੰਬੈਸੀਆਂ ਨੂੰ ਘੇਰਦੇ ਹਨ, ਭਾਰਤੀ ਆਗੂਆਂ ਦੀ ਜਵਾਬ-ਤਲਬੀ ਕਰਦੇ ਨੇ, ਖ਼ਾਲਿਸਤਾਨ ਰੈਫਰੰਡਮ ਦੀਆਂ ਵੋਟਾਂ ਪੈਂਦੀਆਂ ਹਨ। ਇਹ ਖ਼ਾਲਿਸਤਾਨ ਦੇ ਸੰਘਰਸ਼ ਦੇ ਜਿਉਂਦੇ ਅਤੇ ਜਾਰੀ ਹੋਣ ਦੇ ਸਬੂਤ ਨਹੀਂ ਤਾਂ ਹੋਰ ਕੀ ਹੈ, ਹੁਣ ਤਾਂ ਇਹ ਸੰਘਰਸ਼ ਬੁਲੰਦੀਆਂ ਛੂਹ ਰਿਹਾ ਹੈ। ਹੁਣ ਮੰਜ਼ਲ ਬਹੁਤ ਨੇੜੇ ਹੈ, ਸਿੱਖਾਂ ਦੀ ਖ਼ਾਲਿਸਤਾਨ ਪ੍ਰਤੀ ਦ੍ਰਿੜਤਾ ਨੇ ਛੇਤੀ ਹੀ ਅਜ਼ਾਦੀ ਦੀ ਸਵੇਰ ਵਿਖਾਉਣੀ ਹੈ।

"ਹਮ ਰਾਖਤ ਪਾਤਿਸਾਹੀ ਦਾਵਾ", "ਰਾਜ ਕਰੈ ਹੈਂ ਕਿ ਲੜ ਮਰੈ ਹੈਂ", "ਖਾਲਸਾ ਬਾਗ਼ੀ ਜਾਂ ਬਾਦਸ਼ਾਹ" ਸਿਧਾਂਤ 'ਤੇ ਚੱਲਦਿਆਂ ਗੁਰੂ ਕਾ ਖ਼ਾਲਸਾ ਸੰਘਰਸ਼ਸ਼ੀਲ ਹੈ।

"ਨਾ ਡਰਨਗੇ ਨਾ ਹਰਨਗੇ, ਸਿੰਘ ਦੋ ਹੀ ਗੱਲਾਂ ਕਰਨਗੇ।
ਜਾਂ ਬਾਦਸ਼ਾਹਤ ਕਰਨਗੇ, ਜਾਂ ਬਾ-ਸ਼ਹਾਦਤ ਮਰਨਗੇ।"

ਭਗਤ ਫ਼ਰੀਦ ਸਾਹਿਬ ਜੀ ਆਖਦੇ ਹਨ:-

"ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥"

ਆਮ ਪ੍ਰਚਲਿਤ ਅਖਾਣ ਹਨ ਕਿ "ਗ਼ੁਲਾਮੀ ਦੀ ਪੂਰੀ ਨਾਲ਼ੋਂ, ਅਜ਼ਾਦੀ ਦੀ ਅੱਧੀ ਚੰਗੀ", "ਗ਼ੁਲਾਮੀ ਦੀ ਜ਼ਿੰਦਗੀ ਨਾਲ਼ੋਂ, ਅਜ਼ਾਦੀ ਲਈ ਮੌਤ ਚੰਗੀ।"

ਕਹਾਵਤ ਹੈ ਕਿ ਇੱਕ ਗ਼ੁਲਾਮ ਵਿਅਕਤੀ ਬੜੀ ਡੂੰਘੀ ਨੀਂਦ ਸੁੱਤਾ ਪਿਆ ਸੀ। ਜਦ ਨੇੜਿਓਂ ਇੱਕ ਮਹਾਤਮਾ ਲੰਘੇ ਤਾਂ ਉਹਨਾਂ ਦੇ ਚੇਲੇ ਉਸ ਗ਼ੁਲਾਮ ਨੂੰ ਉਠਾਉਣ ਲੱਗੇ ਤਾਂ ਮਹਾਤਮਾ ਨੇ ਕਿਹਾ "ਇਸ ਨੂੰ ਸੁੱਤਾ ਰਹਿਣ ਦਿਓ, ਇਹ ਅਜ਼ਾਦੀ ਦੇ ਸੁਪਨੇ ਵੇਖ ਰਿਹਾ ਹੈ।" ਕੁਝ ਸਮੇਂ ਬਾਅਦ ਇੱਕ ਸੰਘਰਸ਼ੀ ਵਿਅਕਤੀ ਓਥੋਂ ਲੰਘਿਆ, ਉਸ ਨੇ ਗ਼ੁਲਾਮ ਨੂੰ ਉਠਾਇਆ ਤੇ ਕਿਹਾ ਕਿ "ਅਜ਼ਾਦੀ 'ਕੱਲੀ ਸੁਪਨੇ ਵੇਖਣ ਨਾਲ਼ ਨਹੀਂ ਆਉਂਦੀ, ਅਜ਼ਾਦੀ ਹਾਸਲ ਕਰਨ ਲਈ ਜਾਗਣਾ ਅਤੇ ਜੂਝਣਾ ਪੈਂਦਾ ਹੈ।"

ਇਸੇ ਤਰ੍ਹਾਂ ਸਾਡੀ ਕੌਮ ਨੂੰ ਵੀ ਅੱਜ ਹਰ ਪਲ਼ ਜਾਗਦੇ ਰਹਿਣ ਦੀ ਲੋੜ ਹੈ। ਗੂੜ੍ਹੀ ਨੀਂਦ 'ਚ ਸੁੱਤੀ ਸਿੱਖ ਕੌਮ ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਸੰਘਰਸ਼ ਦਾ ਬਿਗਲ ਵਜਾ ਕੇ ਜਗਾਇਆ ਅਤੇ ਆਪਣੇ ਧਰਮ ਤੇ ਵਿਰਸੇ ਨਾਲ਼ ਜੋੜਿਆ। ਜਿਸ ਬਾਰੇ ਸਰਦਾਰ ਗਜਿੰਦਰ ਸਿੰਘ ਜੀ ਲਿਖਦੇ ਹਨ:-

"ਫਿਰ ਉੱਠਿਆ ਇੱਕ ਸੂਰਮਾ, ਜਰਨੈਲਾਂ ਦਾ ਜਰਨੈਲ।
ਉਹਦੇ ਸਿੱਧਰੇ ਪੱਧਰੇ ਬੋਲਾਂ ਨੇ, ਲਾਹ ਸੁੱਟੀ ਚਿਰਾਂ ਦੀ ਮੈਲ਼।
ਮੈਲ਼ ਜਿਸ ਮੈਲ਼ਾ ਕੀਤਾ ਸੀ, ਸਿੱਖ ਸੰਘਰਸ਼ ਦਾ ਰਾਹ।
ਯੋਧਿਆਂ ਦੀ ਇਸ ਕੌਮ ਨੂੰ, ਦਿੱਤਾ ਸੀ ਕੁਰਾਹੇ ਪਾ।
ਰਣ-ਤੱਤੇ ਦੇ ਸੂਰਮੇ, ਦਿੱਤੇ ਗਾਂਧੀ ਦੇ ਪੁੱਤ ਬਣਾ।




ਇਸ ਅਣਖ਼ੀ ਜਰਨੈਲ ਨੇ, ਲਿਆ ਕੁਰਾਹਿਓਂ ਮੋੜ।
ਵਿਰਸੇ ਨਾਲ਼ੋਂ ਟੁੱਟਿਆਂ ਨੂੰ, ਦਿੱਤਾ ਮੁੜ ਵਿਰਸੇ ਨਾਲ਼ ਜੋੜ।"

ਸੰਤ ਜਰਨੈਲ ਸਿੰਘ ਜੀ ਕਿਹਾ ਕਰਦੇ ਸਨ ਕਿ "ਜਦੋਂ ਤਕ ਹਰ ਸਿੱਖ ਦੇ ਪੁੱਤਰ ਦੇ ਹਿਰਦੇ ਵਿੱਚ, ਬਜ਼ੁਰਗ ਦੇ, ਮਾਤਾ ਦੇ, ਬੀਬੀਆਂ ਦੇ, ਇਹ ਗੱਲ ਘਰ ਨ੍ਹੀਂ ਕਰ ਜਾਂਦੀ ਕਿ 'ਅਸੀਂ ਗੁਲਾਮ ਹਾਂ', ਓਦੋਂ ਤਕ ਜਿੰਨੀਆਂ ਮਰਜ਼ੀ ਟਾਹਰਾਂ ਮਾਰ ਲਈਏ, ਜਿੰਨੀਆਂ ਮਰਜ਼ੀ ਗੱਲਾਂ ਕਰ ਲਈਏ, ਨਈਂ ਰਾਜ ਮਿਲ਼ਣਾ ਤੇ ਨਾ ਗ਼ੁਲਾਮੀ ਗਲ਼ੋਂ ਲਹਿਣੀ ਆਂ। ਗ਼ੁਲਾਮੀ ਹਮੇਸ਼ਾਂ ਓਦੋਂ ਗਲ਼ੋਂ ਲਹਿੰਦੀ ਆ, ਜਦੋਂ ਮਨੁੱਖ ਇਹ ਮਹਿਸੂਸ ਕਰ ਲਵੇ, ਅਹਿਸਾਸ ਕਰ ਲਵੇ ਕਿ ਮੈਂ ਗ਼ੁਲਾਮੀ ਦੀ ਜ਼ਿੰਦਗੀ ਨਾਲ਼ੋਂ ਮੌਤ ਨੂੰ ਪਸੰਦ ਕਰਦਾਂ। ਮੈਂ ਇਹ ਜ਼ਿੰਦਗੀ ਰੱਖਣੀ ਚੰਗੀ ਨ੍ਹੀਂ ਸਮਝਦਾ, ਓਦੋਂ ਗ਼ੁਲਾਮੀ ਗਲ਼ੋਂ ਲਹਿੰਦੀ ਆ, ਨਈਂ ਤਾਂ ਨਈਂ ਲਹਿੰਦੀ।"

## ਵਿਚਾਰ ਆਪੋ-ਆਪਣਾ

ਸਿਰਦਾਰ ਕਪੂਰ ਸਿੰਘ ਦੀ ਕਹੀ ਇਹ ਗੱਲ ਹਰੇਕ ਸਿੱਖ ਨੂੰ ਚੇਤੇ ਹੋਣੀ ਚਾਹੀਦੀ ਹੈ ਕਿ "ਜੇ ਸਿੱਖਾਂ ਨੇ ਰਾਜ-ਭਾਗ ਨਾ ਲਿਆ ਤਾਂ ਉਹਨਾਂ ਦੇ ਬੱਚੇ ਤੇ ਅੱਗੋਂ ਉਹਨਾਂ ਦੇ ਬੱਚਿਆਂ ਦੇ ਬੱਚੇ, ਅਗਲੀਆਂ ਪੁਸ਼ਤਾਂ, ਹਿੰਦੂਆਂ ਦੀਆਂ ਵਿਦੇਸ਼ੀ ਕਾਰਾਂ ਦੇ ਡਰਾਈਵਰ ਹੋਣਗੇ, ਹਿੰਦੂਆਂ ਦੇ ਘਰਾਂ, ਕਾਰਖਾਨਿਆਂ ਮੂਹਰੇ ਚੌਂਕੀਦਾਰ ਹੋਣਗੇ, ਹਿੰਦੂਆਂ ਦੇ ਦਫ਼ਤਰਾਂ ਵਿੱਚ ਚਪੜਾਸੀ ਹੋਣਗੇ, ਹਿੰਦੂਆਂ ਦੇ ਹੋਟਲਾਂ ਅੱਗੇ ਦਰਬਾਨ ਹੋਣਗੇ ਜਾਂ ਲੁਟੇਰੇ ਹੋਣਗੇ, ਇਸ ਤੋਂ ਵੱਧ ਕੁਝ ਨਹੀਂ ਹੋਣਗੇ।"

ਸਰਦਾਰ ਅਜਮੇਰ ਸਿੰਘ ਲਿਖਦੇ ਹਨ ਕਿ "1849 'ਚ ਅਜ਼ਾਦ ਸਿੱਖ ਰਾਜ ਦੇ ਖੁੱਸ ਜਾਣ ਨਾਲ਼ ਅਜ਼ਾਦੀ ਦੀ ਇੱਛਾ ਖਤਮ ਨਹੀਂ ਸੀ ਹੋ ਗਈ, ਇਹ ਤੜਪ ਬਣ ਕੇ ਸਿੱਖ ਕੌਮ ਦੀ ਅੰਤਰ-ਆਤਮਾ ਦੇ ਅੰਦਰ ਪ੍ਰਵੇਸ਼ ਕਰ ਗਈ ਸੀ। ਇਹੀ ਤੜਪ ਸੀ ਜੋ ਸਿੱਖ ਕੌਮ ਨੂੰ ਬਰਤਾਨਵੀ ਹਾਕਮਾਂ ਵਿਰੁੱਧ ਵਾਰ-ਵਾਰ ਸੰਘਰਸ਼ ਲਈ ਪ੍ਰੇਰਦੀ ਸੀ। ਜੇਕਰ ਭਾਰਤ ਦੀ ਅਜ਼ਾਦੀ ਦੀ ਲੜਾਈ ਅੰਦਰ ਕੁਰਬਾਨੀਆਂ ਦੇ ਲਿਹਾਜ਼ ਨਾਲ਼ ਭਾਰਤ ਦੇ ਬਾਕੀ ਲੋਕਾਂ ਦੀ ਤੁਲਨਾ ਵਿੱਚ ਸਿੱਖ ਕੌਮ ਦੀ ਦੇਣ ਕਿਤੇ ਵਾਧੂ ਹੈ ਤਾਂ ਇਸ ਦੀ ਬੁਨਿਆਦੀ ਵਜ੍ਹਾ ਸਿੱਖ ਪੰਥ ਅੰਦਰ ਜਾਗੀ ਕੌਮੀ ਚੇਤਨਾ ਹੈ। ਜਿਸ ਕੌਮ ਅੰਦਰ ਅਜਿਹੇ ਗੁਣ 'ਤੇ ਲੱਛਣ ਪੈਦਾ ਹੋ ਚੁੱਕੇ ਹੋਣ, ਉਹ ਕੌਮੀ ਅਜ਼ਾਦੀ ਦੀ ਸੁਭਾਵਿਕ ਦਾਅਵੇਦਾਰ ਹੋ ਨਿਬੜਦੀ ਹੈ। ਕੌਮੀ ਅਜ਼ਾਦੀ ਤੋਂ ਬਿਨਾਂ ਉਸ ਦੀ ਰੂਹ ਨੂੰ ਰੱਜ ਨਹੀਂ ਮਿਲ਼ਦਾ।"

ਲੋਕਾਈ ਦੀ ਭਲਾਈ ਲਈ ਸਿੱਖਾਂ ਦਾ ਕੌਮੀ ਨਿਸ਼ਾਨਾ ਤਾਂ ਸਾਡੇ ਗੁਰੂ ਸਾਹਿਬਾਨਾਂ ਨੇ ਹੀ ਮਿੱਥ ਦਿੱਤਾ ਸੀ ਤਾਂ ਹੀ ਤਾਂ 'ਰਾਜ ਕਰੇਗਾ ਖ਼ਾਲਸਾ' ਦਾ ਦੋਹਰਾ ਸਾਡੀ ਅਰਦਾਸ ਦਾ ਹਿੱਸਾ ਹੈ। ਅਜ਼ਾਦੀ ਸਿੱਖਾਂ ਦਾ ਜਨਮ ਸਿੱਧ ਅਧਿਕਾਰ ਹੈ। ਸਿੱਖਾਂ ਦੀ ਅਜ਼ਾਦੀ ਦੀ ਰੀਝ ਨੂੰ ਕੋਈ ਨਹੀਂ ਮਾਰ ਸਕਦਾ। ਹੱਕ, ਸੱਚ, ਇਨਸਾਫ਼, ਅਜ਼ਾਦੀ, ਮਜ਼ਲੂਮਾਂ ਤੇ ਧਰਮ ਦੀ ਰਾਖੀ ਅਤੇ ਜ਼ਾਲਮ ਸਰਕਾਰਾਂ ਵਿਰੁੱਧ ਜੂਝਣਾ ਹੀ ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਹੈ।

ਕਲਗੀਧਰ ਪਾਤਸ਼ਾਹ ਜੀ ਦੇ 52 ਬਚਨਾਂ 'ਚ ਇੱਕ ਹੁਕਮ ਹੈ:- "ਅਜ਼ਾਦ ਵਿਚਰਨਾ।" ਭਾਵ ਕਿਸੇ ਦੀ ਅਧੀਨਗੀ ਜਾਂ ਗ਼ੁਲਾਮੀ ਕਬੂਲ ਨਹੀਂ ਕਰਨੀ। 'ਖ਼ਾਲਸਾ ਅਕਾਲ ਪੁਰਖ ਕੀ ਫ਼ੌਜ' ਹੈ, ਇਸ ਲਈ 'ਖ਼ਾਲਸਾ' ਕਿਸੇ ਦਾ ਗ਼ੁਲਾਮ ਨਹੀਂ ਹੋ ਸਕਦਾ। ਖ਼ਾਲਸੇ ਦਾ ਭਾਵ ਹੀ ਹੁਕਮਰਾਨ ਅਤੇ ਬਾਦਸ਼ਾਹ ਹੈ। 'ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।' ਜਿਸ ਖ਼ਾਲਸੇ ਦਾ ਸੰਬੰਧ ਸਿੱਧਾ ਅਕਾਲ ਪੁਰਖ ਨਾਲ਼ ਹੋਵੇ ਉਹ ਕਿਸੇ ਹਕੂਮਤ ਦੇ ਅਧੀਨ ਨਹੀਂ ਰਹਿ ਸਕਦਾ। "ਖ਼ਾਲਸਾ ਹੋਵੈ ਖੁਦ ਖ਼ੁਦਾ, ਜਿਮ ਖ਼ੂਬੀ ਖ਼ੂਬ ਖੁਦਾਇ। ਆਨ ਨ ਮਾਨੈ ਆਨ ਕੀ, ਇੱਕ ਬਿਨ ਸੱਚੇ ਪਾਤਸ਼ਾਹਿ।"



ਪਹਿਲੇ ਸਿੱਖ ਬਾਦਸ਼ਾਹ ਬਾਬਾ ਬੰਦਾ ਸਿੰਘ ਜੀ ਬਹਾਦਰ ਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਖ਼ਾਲਸਾ ਰਾਜ ਦੇ ਸੋਹਿਲੇ ਅੱਜ-ਤਕ ਦੁਨੀਆਂ ਗਾਉਂਦੀ ਹੈ ਤੇ ਅਜਿਹਾ ਹੀ ਰਾਜ-ਭਾਗ ਸਿੱਖ ਫਿਰ ਸਿਰਜਣਾ ਚਾਹੁੰਦੇ ਹਨ। ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਜ਼ਿਕਰ ਹੈ:

"ਨਾਨਕ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥"

ਇਸ ਨੂੰ ਪੰਜਵੇਂ ਪਾਤਸ਼ਾਹ ਨੇ 'ਹਲੇਮੀ ਰਾਜ' ਅਤੇ ਭਗਤਾਂ ਨੇ 'ਬੇਗਮਪੁਰਾ' ਆਖਿਆ ਹੈ। ਦਸਵੇਂ ਪਾਤਸ਼ਾਹ ਜੀ ਵੀ ਫੁਰਮਾਉਂਦੇ ਹਨ:

"ਇਨਹੀ ਕੋ ਸਰਦਾਰ ਬਣਾਊਂ। ਰਾਜ ਕਰਨ ਕੀ ਨੀਤਿ ਸਿਖਾਊਂ।
ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।"
"ਇਨ ਗਰੀਬ ਸਿੱਖਨ ਕੋ ਦੇਊਂ ਪਾਤਸ਼ਾਹੀ, ਏ ਯਾਦ ਰਖੇਂ ਹਮਰੀ ਗੁਰਿਆਈ।"

ਅਸੀਂ ਹਿੰਦੁਤਵੀਆਂ ਦੀ ਅਕ੍ਰਿਤਘਣਤਾ ਵੇਖ ਚੁੱਕੇ ਹਾਂ। ਅਸੀਂ ਭੁੱਲ ਨਹੀਂ ਸਕਦੇ ਕਿ ਸਾਡੇ ਛੇਵੇਂ ਗੁਰੂ ਨੇ ਜਿਨ੍ਹਾਂ 52 ਹਿੰਦੂ ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਕਰਵਾਇਆ ਸੀ, ਉਹਨਾਂ ਰਾਜਿਆਂ ਦੇ ਵੰਸ਼ਜਾਂ ਨੇ ਹੀ ਦਸਵੇਂ ਪਾਤਸ਼ਾਹ ਵਿਰੁੱਧ ਜੰਗ ਕੀਤੇ ਸਨ। ਨੌਵੇਂ ਪਾਤਸ਼ਾਹ ਨੇ ਤਿਲਕ, ਧੋਤੀ, ਬੋਧੀ, ਟੋਪੀ ਤੇ ਜਨੇਊ ਦੀ ਰੱਖਿਆ ਲਈ ਦਿੱਲੀ 'ਚ ਆਪਣਾ ਸੀਸ ਵਾਰਿਆ, ਪਰ ਨਵੰਬਰ 1984 'ਚ ਹਿੰਦੂਆਂ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਨੂੰ ਹੀ ਅੱਗ ਲਾ ਦਿੱਤੀ ਤੇ ਹਜ਼ਾਰਾਂ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਸੀ।

"ਤਿਲਕ ਜਨੇਊ ਦੀ ਰੱਖਿਆ ਦਾ, ਓਨ੍ਹਾ ਕਰਜ਼ ਉਤਾਰਿਆ ਸੀ।
ਬਲ਼ਦੇ ਟਾਇਰ ਗਲਾਂ ਵਿੱਚ ਪਾ ਕੇ, ਗੁਰੂ ਪੁੱਤਰਾਂ ਨੂੰ ਮਾਰਿਆ ਸੀ।"

ਅਸੀਂ ਦਰਬਾਰ ਸਾਹਿਬ 'ਤੇ ਹਮਲਾ ਅਤੇ ਢੱਠਾ ਸ੍ਰੀ ਅਕਾਲ ਤਖ਼ਤ ਸਾਹਿਬ ਕਿਵੇਂ ਭੁੱਲ ਜਾਈਏ ? ਨਹੀਂ ਭੁੱਲਣਾ, ਨਾ ਹੀ ਅਸੀਂ ਭੁੱਲਾਂਗੇ ਤੇ ਨਾ ਹੀ ਆਪਣੀ ਕੌਮ ਅਤੇ ਆਪਣੇ ਦੁਸ਼ਮਣਾਂ ਨੂੰ ਭੁੱਲਣ ਦਿਆਂਗੇ। ਇਸ ਹਮਲੇ ਨਾਲ਼ ਸਿੱਖਾਂ ਅਤੇ ਹਿੰਦੂਆਂ ਵਿਚਾਲ਼ੇ, ਪੰਜਾਬ ਅਤੇ ਭਾਰਤ ਵਿਚਾਲ਼ੇ ਲਕੀਰ ਖਿੱਚੀ ਗਈ ਸੀ। ਘੱਲੂਘਾਰੇ ਪਿੱਛੋਂ ਖ਼ਾਲਿਸਤਾਨੀ ਫ਼ੋਰਸਾਂ ਬਣੀਆਂ ਤੇ ਸਿੰਘਾਂ-ਸਿੰਘਣੀਆਂ ਨੇ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਸ਼ਹਾਦਤਾਂ ਦਾ ਹੜ੍ਹ ਲਿਆਂਦਾ ਤੇ ਸਰਕਾਰ ਨੂੰ ਦੱਸ ਦਿੱਤਾ ਕਿ ਸਿੱਖ ਹੁਣ ਅਜ਼ਾਦੀ, ਅਜ਼ਾਦੀ, ਅਜ਼ਾਦੀ ਤੇ ਸਿਰਫ਼ ਅਜ਼ਾਦੀ ਚਾਹੁੰਦੇ ਹਨ। ਇਹਨਾਂ ਜੁਝਾਰੂਆਂ ਨੂੰ ਸਾਡੀ ਕੌਮ ਆਪਣੇ ਨਾਇਕਾਂ, ਅਜ਼ਾਦੀ ਦੇ ਪ੍ਰਵਾਨਿਆਂ, ਸਿੱਖ ਧਰਮ ਅਤੇ ਫ਼ਸਲਾਂ, ਨਸਲਾਂ ਤੇ ਪਾਣੀਆਂ ਦੇ ਰਾਖਿਆਂ ਵਜੋਂ ਯਾਦ ਕਰਦੀ ਹੈ।

"ਮੱਸੇ ਰੰਘੜ ਦਾ ਸਿਰ ਵੱਢਣ ਵਾਲ਼ੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦੇ ਪੋਤਰੇ ਸ. ਰਤਨ ਸਿੰਘ ਭੰਗੂ ਜੋ ਪ੍ਰਾਚੀਨ ਪੰਥ ਪ੍ਰਕਾਸ਼ 'ਚ ਲਿਖਦੇ ਹਨ:- "ਹਮ ਕੋ ਸਤਿਗੁਰ ਬਚਨ ਪਾਤਿਸ਼ਾਹੀ।" "ਧਰੂ ਵਿਧਰਤ ਔ ਧਵਲ ਡੁਲਾਇ। ਸਤਿਗੁਰੂ ਬਚਨ ਨਾ ਖਾਲੀ ਜਾਇ।"

ਅਜੋਕੇ ਸਮੇਂ ਵਿੱਚ ਵਾਪਰ ਰਹੀ ਹਰ ਘਟਨਾ ਦੀ ਪੀੜ ਨੂੰ ਗ਼ੁਲਾਮੀ ਵਾਂਗ ਮਹਿਸੂਸ ਕਰਕੇ ਹਰ ਸਿੱਖ ਦੇ ਹਿਰਦੇ 'ਚੋਂ ਇਹ ਹੂਕ ਨਿਕਲਦੀ ਹੈ ਕਿ "ਤੂੰ ਬਹੁੜੀਂ ਕਲਗੀ ਵਾਲ਼ਿਆ, ਕੋਈ ਦੇਸ ਨਾ ਸਾਡਾ। ਸੁਪਨਾ ਪੁਰੀ ਅਨੰਦ ਦਾ, ਬੇਨੂਰ ਦੁਰਾਡਾ।" ਇਹਨਾਂ ਬੋਲਾਂ ਰਾਹੀਂ ਪ੍ਰੋ.ਫ਼ੈਸਰ ਹਰਿੰਦਰ ਸਿੰਘ ਮਹਿਬੂਬ ਨੇ ਸਮੁੱਚੀ ਸਿੱਖ ਕੌਮ ਦੀ ਵੇਦਨਾ ਕਲਗੀਧਰ ਪਾਤਸ਼ਾਹ ਅੱਗੇ ਪ੍ਰਗਟਾਈ ਹੈ ਤੇ ਅਰਜ਼ੋਈ ਕੀਤੀ ਹੈ ਕਿ ਆਪਣਾ ਕੋਈ ਦੇਸ ਨਾ ਹੋਣ ਕਰਕੇ ਅਸੀਂ ਖ਼ੁਆਰ ਹੋ ਰਹੇ ਹਾਂ। ਉਹਨਾਂ ਸਿੱਖ ਕੌਮ ਦੀ ਪੀੜਾ ਅਤੇ ਹਾਲਤ ਨੂੰ ਬਿਆਨ ਕਰਦਿਆਂ ਲਿਖਿਆ ਹੈ ਕਿ "ਮੁਲਖਾਂ ਵਾਲ਼ਿਆਂ ਲਾਇਆ, ਦਰਵੇਸ਼ ਨਾ ਆਢਾ। ਤੂੰ ਬਹੁੜੀਂ ਕਲ.ਗੀ ਵਾਲ਼ਿਆ, ਕੋਈ ਦੇਸ ਨਾ ਸਾਡਾ।"

ਸੋ, ਗੁਰੂ ਬਖ਼ਿਸ਼ਸ਼ ਸਦਕਾ ਇੱਕ ਦਿਨ ਜ਼ਰੂਰ ਸਾਡਾ ਵੀ ਰਾਜ ਅਤੇ ਦੇਸ ਹੋਵੇਗਾ, ਜਿਸ ਦਾ ਨਾਂ ਸਿੱਖੀ ਅਤੇ ਖ਼ਾਲਸਈ ਮਾਨਸਿਕਤਾ ਅਨੁਸਾਰ 'ਖ਼ਾਲਿਸਤਾਨ' ਹੋਵੇਗਾ। ਇਹ ਸੁਪਨਾ ਨਹੀਂ, ਹਕੀਕਤ ਹੈ, ਸਾਡਾ ਗੁਰੂ 'ਤੇ ਭਰੋਸਾ ਹੈ। ਹਰ ਅਣਖ਼ੀ ਸਿੱਖ ਦੀ ਰੀਝ ਹੈ ਕਿ ਸਿੱਖਾਂ ਦਾ ਗ਼ੁਲਾਮੀ ਤੋਂ ਛੁਟਕਾਰਾ ਹੋਵੇ, ਸਿੱਖ ਅਜ਼ਾਦੀ ਮਾਨਣ, ਸਿੱਖਾਂ ਦਾ ਵੀ ਆਪਣਾ ਮੁਲਕ ਹੋਵੇ ਜਿੱਥੇ ਸਾਡਾ ਧਰਮ, ਇਸ਼ਟ, ਬੋਲੀ, ਸੱਭਿਆਚਾਰ, ਪਹਿਰਾਵਾ, ਕਕਾਰ, ਸਿਧਾਂਤ, ਗੁਰਧਾਮ, ਧੀਆਂ-ਭੈਣ ਅਤੇ ਕੁਦਰਤੀ ਸ੍ਰੋਤ ਸੁਰੱਖਿਅਤ ਰਹਿਣ। ਸਾਨੂੰ ਇਹ ਗੱਲ ਸਮਝਣ ਦੀ ਵੀ ਲੋੜ ਹੈ ਕਿ ਭਾਰਤ ਦੀ ਰਾਜਸੱਤਾ ਭਾਵੇਂ ਹਿੰਦੂ ਹਾਕਮਾਂ ਦੇ ਹੱਥ 'ਚ ਹੈ ਪਰ ਫਿਰ ਵੀ ਸੌ ਕਰੋੜ ਹਿੰਦੂ ਆਪਣੇ ਆਪ ਨੂੰ ਖ਼ਤਰੇ 'ਚ ਮਹਿਸੂਸ ਕਰਦੇ ਹੋਏ ਹਿੰਦੂ ਰਾਸ਼ਟਰ ਦੀ ਗੱਲ ਕਰਦੇ ਹਨ ਤੇ ਫਿਰ ਦੋ ਕਰੋੜ ਸਿੱਖ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਿਵੇਂ ਕਰ ਸਕਦੇ ਹਨ, ਅਸੀਂ 'ਸਿੱਖ ਰਾਸ਼ਟਰ' ਦੀ ਗੱਲ ਕਿਉਂ ਨਾ ਕਰੀਏ ਜਦ ਕਿ ਸਾਡਾ ਤਾਂ ਖ਼ਾਲਿਸਤਾਨ ਬਿਨਾਂ ਗੁਜ਼ਾਰਾ ਹੀ ਨਹੀਂ ਹੈ। ਖ਼ਾਲਿਸਤਾਨ ਹੀ ਪੰਥ ਅਤੇ ਪੰਜਾਬ ਦੇ ਮਸਲਿਆਂ ਦਾ ਹੱਲ ਹੈ। ਅਰਦਾਸ ਕਰਦੇ ਹਾਂ ਕਿ ਖ਼ਾਲਿਸਤਾਨ ਜਲਦ ਹੋਂਦ ਵਿੱਚ ਆਵੇ।

**- ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)**
ਮੋ : 88722-93883

## ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ

# ਕੀਤੇ ਗਏ ਫੈਸਲੇ ਪੂਰਨ ਰੂਪ ਵਿੱਚ ਕੀਤੇ ਗਏ ਅਪ੍ਰਵਾਨ




ਨਵੀਂ ਦਿੱਲੀ 5 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):- ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ, ਜਿਸ ਵਿੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਮਾਮਲਾ ਵਿਚਾਰਿਆ ਗਿਆ। ਇਕੱਤਰਤਾ ਵਿੱਚ ਮਿਤੀ 19 ਨਵੰਬਰ 2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਪਾਸ ਕੀਤੇ ਗਏ ਮਤਾ ਨੰ: 01 ਦੀ ਪ੍ਰੋੜ੍ਹਤਾ ਕਰਦਿਆਂ, ਇਸ ਹੁਕਮਨਾਮੇ ਅਤੇ ਸਿੱਖ ਰਵਾਇਤਾਂ ਦੀ ਰੋਸ਼ਨੀ ਵਿੱਚ ਇਹ ਫੈਸਲਾ ਕੀਤਾ ਗਿਆ ਹੈ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਮਿਤੀ 21 ਮਈ 2025 ਨੂੰ ਜੋ ਪੱਤਰ ਨੰਬਰ ਤਪਸ/36/ਹ/2025 ਅਤੇ ਮਿਤੀ 05 ਜੁਲਾਈ 2025 ਨੂੰ ਜੋ ਪੱਤਰ ਤਪਸ/40/ਹ/2025 ਜਾਰੀ ਕੀਤੇ ਗਏ ਹਨ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਕਤ ਆਦੇਸ਼ ਦੀ ਘੋਰ ਉਲੰਘਣਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਗਾਉਣ ਵਾਲੇ ਹਨ। ਪੰਜੇ ਤਖ਼ਤ ਸਾਹਿਬਾਨ ਸਿੱਖ ਸ਼ਕਤੀ ਦੇ ਸੋਮੇ ਹਨ ਜਿਨ੍ਹਾਂ ਪ੍ਰਤੀ ਵਿਸ਼ਵ ਭਰ ਵਿੱਚ ਵੱਸਦੀ ਸਿੱਖ ਸੰਗਤ ਦੀ ਡੂੰਘੀ ਸ਼ਰਧਾ ਹੈ ਅਤੇ ਇਹ ਪਾਵਨ ਗੁਰ ਅਸਥਾਨ ਅਤੀ ਸਤਿਕਾਰਯੋਗ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗੁਰੂ ਪਾਤਸ਼ਾਹ ਜੀ ਨੇ ਆਪ ਸਰਬਉੱਚਤਾ ਬਖ਼ਸ਼ੀ ਹੈ। ਪਰੰਤੂ ਕੁਝ ਲੋਕ ਸਿੱਖ-ਵਿਰੋਧੀ ਤਾਕਤਾਂ ਦੇ ਅਨੁਸਾਰ ਚੱਲਦਿਆਂ ਆਪਣੇ ਨਿਜੀ ਸੁਆਰਥਾਂ ਲਈ ਸਾਜ਼ਸ਼ਾਂ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨੂੰ ਗੁਰੂ ਪੰਥ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸ਼ੁਰੂ ਤੋਂ ਹੀ ਖ਼ਾਲਸਾ ਪੰਥ ਨਾਲ ਸਬੰਧਤ ਮਾਮਲੇ ਵਿਚਾਰ ਕੇ ਫ਼ੈਸਲੇ ਕੀਤੇ ਜਾਂਦੇ ਰਹੇ ਹਨ ਅਤੇ ਬਾਕੀ ਤਖ਼ਤ ਸਾਹਿਬਾਨਾਂ ਨੂੰ ਵੀ ਆਪਣੇ- ਆਪਣੇ ਸਥਾਨਕ ਫ਼ੈਸਲੇ ਕਰਨ ਦਾ ਪੂਰਾ ਅਧਿਕਾਰ ਹੈ, ਪਰੰਤੂ ਪੰਥਕ ਤੇ ਧਾਰਮਿਕ ਮਾਮਲਿਆਂ ਸਬੰਧੀ ਅੰਤਿਮ ਰਾਏ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੀ ਮੰਨੀ ਜਾਂਦੀ ਹੈ। ਸਮੁੱਚਾ ਖਾਲਸਾ ਪੰਥ ਇੱਕ ਪਰਿਵਾਰ ਹੈ - "ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥1॥" ਦੇ ਗੁਰ ਸਿਧਾਂਤ ਅਨੁਸਾਰ ਗੁਰੂ ਸਾਹਿਬ ਨੇ ਸਾਨੂੰ ਹਮੇਸ਼ਾ ਆਪਸੀ ਪ੍ਰੇਮ, ਇਤਫ਼ਾਕ ਤੇ ਸਾਂਝ ਨਾਲ ਰਹਿਣ ਦਾ ਉਪਦੇਸ਼ ਦਿੱਤਾ ਹੈ, ਪਰੰਤੂ ਮੌਜੂਦਾ ਸਮੇਂ ਸਾਜ਼ਸ਼ਾਂ ਅਧੀਨ ਪੰਥ ਦੀ ਇਕਜੁੱਟਤਾ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਤੇ ਖੰਡਤ ਕਰਨ ਲਈ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਇਕੱਤਰਤਾ ਵਿੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜੋ ਮਿਤੀ 21 ਮਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਟੇਕ ਸਿੰਘ ਅਤੇ ਮਿਤੀ 05 ਜੁਲਾਈ 2025 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਾਬਤ ਗ਼ੈਰ-ਸਿਧਾਂਤਕ ਅਤੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਗਾਉਣ ਦੀ ਮੰਦਭਾਵਨਾ ਨਾਲ ਜੋ ਫੈਸਲੇ ਕੀਤੇ ਹਨ, ਇਨ੍ਹਾਂ ਨੂੰ ਪੂਰਨ ਰੂਪ ਵਿੱਚ ਅਪ੍ਰਵਾਨ ਕੀਤਾ ਜਾਂਦਾ ਹੈ।

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 21 ਮਈ 2025 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਪਾਸ ਕੀਤੇ ਗਏ ਮਤਾ ਨੰ: 03 (ਅ:ਤ/222) ਅਤੇ ਮਤਾ ਨੰ: 04 (ਅ:ਤ/223), ਬੀਤੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਜ ਸਿੰਘ ਸਾਹਿਬਾਨ - (ਗਿਆਨੀ ਹਰਪ੍ਰੀਤ ਸਿੰਘ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਗਿਆਨੀ ਰਘਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਸੁਲਤਾਨ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਮਲਕੀਤ ਸਿੰਘ ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਮੰਗਲ ਸਿੰਘ ਪੰਜ ਪਿਆਰਾ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਇਕੱਤਰਤਾ ਮਿਤੀ 06 ਦਸੰਬਰ 2022 ਦੇ ਆਦੇਸ਼ ਨੰ: ਅ/ਤ/163 ਦੀ ਪ੍ਰੋੜ੍ਹਤਾ ਕਰਦਿਆਂ ਹੀ ਕੀਤੇ ਗਏ ਸਨ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਾਮਲਿਆਂ ਦੇ ਸਬੰਧ ਵਿੱਚ ਉੱਥੋਂ ਦੀ ਪ੍ਰਬੰਧਕ ਕਮੇਟੀ ਨੂੰ ਆਪਣਾ ਪੱਖ ਰੱਖਣ ਲਈ ਆਦੇਸ਼ ਕੀਤੇ ਗਏ ਸਨ, ਪਰੰਤੂ ਉਨ੍ਹਾਂ ਵੱਲੋਂ ਹੁਣ ਤੱਕ ਅਜਿਹਾ ਨਹੀਂ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਦੀ ਪਾਲਣਾ ਕਰਨ ਦੀ ਬਜਾਏ, ਭਾਈ ਗੁਰਦਿਆਲ ਸਿੰਘ, ਜਿਨ੍ਹਾਂ ਦੀਆਂ ਪੰਥਕ ਸੇਵਾਵਾਂ ਉੱਪਰ ਰੋਕ ਲੱਗੀ ਹੈ, ਉਹ ਹੁਣ ਵੀ ਮੁੱਖ ਸਾਜ਼ਸ਼ਘਾੜੇ ਬਣ ਕੇ ਅਤੇ ਪੰਥ ਵਿਰੋਧੀ ਤਾਕਤਾਂ ਦਾ ਹੱਥਠੋਕਾ ਬਣਕੇ ਤਖ਼ਤ ਸਾਹਿਬਾਨ ਵਿਚਕਾਰ ਦਰਾਰ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਦੀ ਭੂਮਿਕਾ ਨੂੰ ਦੇਖਦਿਆਂ ਭਾਈ ਗੁਰਦਿਆਲ ਸਿੰਘ (ਐਡੀਸ਼ਨਲ ਹੈੱਡ ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ) ਨੂੰ ਤਨਖਾਹੀਆ ਐਲਾਨ ਕੀਤਾ ਜਾਂਦਾ ਹੈ ਅਤੇ ਜੇਕਰ ਕੋਈ ਇਨ੍ਹਾਂ ਨੂੰ ਗੁਰਮਤਿ ਸਮਾਗਮ ਜਾਂ ਪੰਥਕ ਸਟੇਜ ਪੁਰ ਬੁਲਾਏਗਾ ਤਾਂ ਉਨ੍ਹਾਂ ਦੇ ਵਿਰੁੱਧ ਵੀ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਦੋਂ ਤੱਕ ਭਾਈ ਗੁਰਦਿਆਲ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਖਿਮਾ ਜਾਚਨਾ ਕਰਦਿਆਂ ਆਪਣਾ ਪੱਖ ਨਹੀਂ ਰੱਖਦੇ, ਖ਼ਾਲਸਾ ਪੰਥ ਇਸ ਨੂੰ ਮੂੰਹ ਨਾ ਲਾਵੇ। ਮਿਤੀ 21 ਮਈ 2025 ਨੂੰ ਹੋਏ ਆਦੇਸ਼ਾਂ ਉਪਰੰਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਬੁਲਾਰਾ ਸ. ਹਰਪਾਲ ਸਿੰਘ (ਜੌਹਲ) ਲਗਾਤਾਰ ਮੀਡੀਆ/ਸੋਸ਼ਲ ਮੀਡੀਆ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਤੇ ਸਰਬਉੱਚਤਾ ਵਿਰੁੱਧ ਕੂੜ ਪ੍ਰਚਾਰ ਕਰਦੇ ਆ ਰਹੇ ਹਨ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪੱਤਰ ਨੰ: ਟੀ.ਪੀ.ਐੱਸ ਵਿਸ਼ੇਸ਼: 2022 ਮਿਤੀ 10 ਦਸੰਬਰ 2022 ਅਨੁਸਾਰ ਕਮੇਟੀ ਨੇ ਆਪ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਹ ਲਿਖਤੀ ਰੂਪ ਵਿੱਚ ਭੇਜਿਆ ਹੋਇਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਵਾਲਾ ਆਪ ਹੀ ਤਨਖਾਹੀਆ ਹੋ ਜਾਂਦਾ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਇੱਕ ਹੋਰ ਮੈਂਬਰ ਡਾ. ਗੁਰਮੀਤ ਸਿੰਘ ਦੀ ਭੂਮਿਕਾ ਵੀ ਮੁੱਖ ਸਾਜਸ਼ਘਾੜੇ ਵਜੋਂ ਸਾਹਮਣੇ ਆਈ ਹੈ। ਇਸ ਲਈ ਸ.ਹਰਪਾਲ ਸਿੰਘ ਅਤੇ ਡਾ. ਗੁਰਮੀਤ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ ਅਤੇ ਜਦੋਂ ਤੱਕ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਨਿਜੀ ਰੂਪ ਵਿੱਚ ਪੇਸ਼ ਹੋ ਕੇ ਆਪਣੀ ਗਲਤੀਆਂ ਦੀ ਖਿਮਾ ਜਾਚਨਾ ਨਹੀਂ ਕਰਦੇ, ਉਦੋਂ ਖ਼ਾਲਸਾ ਪੰਥ ਇਨ੍ਹਾਂ ਨੂੰ ਮੂੰਹ ਨਾ ਲਗਾਏ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਗੁਰਵਿੰਦਰ ਸਿੰਘ ਜੂਨੀਅਰ ਮੀਤ ਪ੍ਰਧਾਨ, ਇੰਦਰਜੀਤ ਸਿੰਘ ਜਨਰਲ ਸਕੱਤਰ, ਹਰਬੰਸ ਸਿੰਘ ਸਕੱਤਰ, ਗੋਬਿੰਦ ਸਿੰਘ ਲੌਂਗੋਵਾਲ ਮੈਂਬਰ, ਰਾਜਾ ਸਿੰਘ ਮੈਂਬਰ, ਮਹਿੰਦਰਪਾਲ ਸਿੰਘ ਮੈਂਬਰ ਨੂੰ ਪੰਦਰਾਂ (15) ਦਿਨਾਂ ਦੇ ਵਿੱਚ ਆਪਣਾ ਪੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਰੱਖਣ ਦਾ ਆਦੇਸ਼ ਕੀਤਾ ਜਾਂਦਾ ਹੈ। ਇਸ ਉਪਰੰਤ ਪੰਥਕ ਰਵਾਇਤਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

**ਪਟਨਾ ਸਾਹਿਬ ਪ੍ਰਬੰਧਕ ਕਮੇਟੀ ਪੰਦਰਾਂ ਦਿਨਾਂ ਵਿਚ ਆਪਣਾ ਪੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਰੱਖਣ ਨਹੀਂ ਤਾਂ ਹੋਏਗੀ ਸਖ਼ਤ ਕਾਰਵਾਈ**

ਆਵਾਜ਼ਿ ਕੌਮ AWAZE QAUM International Newspaper & WEB TV

# ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ



**ਨਵੀਂ ਦਿੱਲੀ, 5 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਜਥੇਦਾਰ ਕੁਲਦੀਪ ਸਿੰਘ ਭੋਗਲ, ਜਤਿੰਦਰ ਸਿੰਘ ਸਾਹਨੀ, ਰਵਿੰਦਰ ਸਿੰਘ ਖੁਰਾਣਾ, ਮਨਜੀਤ ਸਿੰਘ ਸਰਨਾ ਨੇ ਨਾਡਾ ਸਾਹਿਬ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਪਰੋਕਤ ਆਗੂ ਨਾਡਾ ਸਾਹਿਬ ਗੁਰਦੁਆਰਾ ਸਾਹਿਬ ਪਹੁੰਚੇ ਅਤੇ ਮੱਥਾ ਟੇਕ ਕੇ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪਿਛਲੇ ਕੁਝ ਸਮੇਂ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਉਨ੍ਹਾਂ ਸਾਰਿਆਂ ਨੂੰ ਦੂਰ ਕਰਣ ਅਤੇ ਅਕਾਲੀ ਦਲ ਨੂੰ ਦੁਬਾਰਾ ਚੜ੍ਹਦੀ ਕਲਾ ਦਾ ਆਸ਼ੀਰਵਾਦ ਲਈ ਅਰਦਾਸ ਕੀਤੀ ਗਈ । ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਵੱਲੋਂ ਅਕਾਲੀ ਆਗੂਆਂ ਨੂੰ ਸਿਰੋਪੇ ਭੇਟ ਕੀਤੇ ਗਏ। ਦਰਸ਼ਨ ਤੋਂ ਬਾਅਦ ਉਪਰੋਕਤ ਆਗੂਆਂ ਨੇ ਮੀਡੀਆ ਨੂੰ ਜਾਰੀ ਬਿਆਨ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਮੁੱਦਿਆਂ 'ਤੇ ਨਜ਼ਰ ਰੱਖਣ ਅਤੇ ਸਰਕਾਰਾਂ ਵੱਲੋਂ ਕੌਮੀ ਮੁੱਦਿਆਂ ਦਾ ਹੱਲ ਕਰਵਾਉਣ ਲਈ ਬਣਾਇਆ ਗਿਆ ਸੀ, ਪਰ ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਜੋ ਸੰਕਟ ਦਿਖਾਈ ਦੇ ਰਿਹਾ ਹੈ, ਉਸ ਨੇ ਪਾਰਟੀ ਦੇ ਹਰ ਵਰਕਰ ਨੂੰ ਠੇਸ ਪਹੁੰਚਾਈ ਹੈ, ਜਿਸ ਕਾਰਨ ਅੱਜ ਇਨ੍ਹਾਂ ਆਗੂਆਂ ਨੇ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਸਿਰਫ਼ ਅਕਾਲੀ ਦਲ ਦੇ ਵਰਕਰ ਹੀ ਨਹੀਂ ਸਗੋਂ ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਾ ਹਰ ਕੋਈ ਚਾਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਡੀਆਂ ਬੁਲੰਦੀਆਂ 'ਤੇ ਪਹੁੰਚੇ ਕਿਉਂਕਿ ਜੇਕਰ ਕਿਸੇ ਨੂੰ ਪੰਜਾਬ ਅਤੇ ਪੰਜਾਬੀਅਤ ਦੀ ਚਿੰਤਾ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਜਲਦੀ ਹੀ ਪਾਰਟੀ ਵਿੱਚ ਆਏ ਨਿਘਾਰ ਨੂੰ ਦੂਰ ਕੀਤਾ ਜਾਵੇਗਾ ਅਤੇ ਪਾਰਟੀ ਦੁਬਾਰਾ ਵੱਡੀਆਂ ਬੁਲੰਦੀਆਂ 'ਤੇ ਪਹੁੰਚੇਗੀ। ਉਨ੍ਹਾਂ ਕਿਹਾ ਕਿ ਅੱਜ ਕੁਝ ਆਗੂ ਆਪਣੇ ਨਿੱਜੀ ਹਿੱਤਾਂ ਲਈ ਜਾਂ ਕਿਸੇ ਲਾਲਚ ਕਾਰਨ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਇਸ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਜੇਕਰ ਪੰਥਕ ਪਾਰਟੀ ਨਹੀਂ ਹੈ ਤਾਂ ਪੰਥ ਦੀ ਬਿਹਤਰੀ ਦੀ ਗੱਲ ਕੌਣ ਕਰੇਗਾ।

ਆਵਾਜ਼ਿ ਕੌਮ AWAZE QAUM International Newspaper & WEB TV



## ਜਨਮ ਦਿਨ ਮੁਬਾਰਕ

**ਸ੍ਰ ਫਤਿਹਵੀਰ ਸਿੰਘ**
ਪਿਤਾ ਸ: ਬਲਰਾਜ ਸਿੰਘ
ਮਾਤਾ ਅੰਮ੍ਰਿਤਪਾਲ ਕੌਰ
ਸ੍ਰੀ ਅੰਮ੍ਰਿਤਸਰ ਸਾਹਿਬ
ਨਾਨਾ ਪੱਤਰਕਾਰ ਕੁਲਵੰਤ ਸਿੰਘ ਵਿਰਦੀ

ਆਵਾਜ਼ਿ ਕੌਮ AWAZE QAUM International Newspaper & WEB TV



## ਜਨਮ ਦਿਨ ਮੁਬਾਰਕ

**ਹਰਕੀਰਤ ਸਿੰਘ**
ਪਿਤਾ - ਸ੍ਰ ਬਿਕਰਮਜੀਤ ਸਿੰਘ
ਪਿੰਡ ਟਕਾਪੁਰ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ
(ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ

# ਐਲ . ਈ . ਡੀ . ਪ੍ਰਾਜੈਕਟ ਦਾ ਉਦਘਾਟਨ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸ਼ਖਸੀਅਤਾਂ ਵੱਲੋਂ ਕੀਤੀ ਗਈ ਅਰਦਾਸ










ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾਂ ਵਿਖੇ ਸਿੱਖ ਸੰਗਤਾਂ ਨੂੰ ਗੁਰੂ ਦਰਬਾਰ ਕਥਾ ਕੀਰਤਨ ਦੇ ਦਰਸ਼ਨ ਕਰਵਾਉਣ ਲਈ ਸ਼ਰਧਾਲੂ ਸਿੱਖ ਵੱਲੋਂ ਲਾਏ LED ਪ੍ਰੋਜੈਕਟ ਦਾ ਉਦਘਾਟਨ ਅੱਜ ਅਰਦਾਸ ਕਰਕੇ ਕੀਤਾ ਗਿਆ ਅਰਦਾਸ ਵਿੱਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸਰਦਾਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਸਰਦਾਰ ਗੁਰਵੀਰ ਸਿੰਘ ਯਮੁਨਾਨਗਰ ਮੀਤ ਪ੍ਰਧਾਨ,ਸਰਦਾਰ ਸਵਰਨ ਸਿੰਘ ਬੁੰਗਾ ਟਿੱਬੀ ਚੇਅਰਮੈਨ ਲੰਗਰ ਖਰੀਦ ਵਿੰਗ,ਸਰਦਾਰ ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਨਰਲ ਸਕੱਤਰ,ਸਿੰਘ ਸਾਹਿਬ ਗਿ: ਜਗਜੀਤ ਸਿੰਘ ਮੁੱਖ ਗ੍ਰੰਥੀ ਨਾਢਾ ਸਾਹਿਬ,ਸਿੰਘ ਸਾਹਿਬ ਗਿ: ਸਰਬਜੀਤ ਸਿੰਘ ਝੀਂਡਾ ਨਾਢਾ ਸਾਹਿਬ,ਸਿੰਘ ਸਾਹਿਬ ਗਿ: ਗਗਨਦੀਪ ਸਿੰਘ ਨਾਢਾ ਸਾਹਿਬ,ਜਥੇਦਾਰ ਸਿਕੰਦਰ ਸਿੰਘ ਵਰਾਣਾ ਇੰਚਾਰਜ ਧਰਮ ਪ੍ਰਚਾਰ ਸਬ ਦਫ਼ਤਰ ਨਾਢਾ ਸਾਹਿਬ,ਐਡਵੋਕੇਟ ਇਮਾਨ ਸਿੰਘ ਖਾਰਾ,ਸਰਦਾਰ ਗੁਰਮਹਾਂਬੀਰ ਸਿੰਘ ਸਰਹਾਲੀ,ਸਰਦਾਰ ਪਰਮਜੀਤ ਸਿੰਘ ਸ਼ੇਰਗੜ ਮੈਨੇਜ਼ਰ ਨਾਢਾ ਸਾਹਿਬ,ਸਰਦਾਰ ਸ਼ਿਵਚਰਨ ਸਿੰਘ ਸਹਾਇਕ ਮੈਨੇਜਰ,ਸਰਦਾਰ ਬਲਜਿੰਦਰ ਸਿੰਘ ਇੰਚਾਰਜ ਗੁਰਦੁਆਰਾ ਮਾਣਕ ਟਬਰਾ ਸਾਹਿਬ,ਸਰਦਾਰ ਮੱਖਣ ਸਿੰਘ ਅੰਬਾਲਾ ਹਾਜ਼ਰ ਸਨ ਗੁਰੂ ਚਰਨਾਂ ਚ ਅਰਦਾਸ ਕਰਕੇ ਜੈਕਾਰਿਆਂ ਦੀ ਗੂੰਜ ਵਿੱਚ ਐਲਈਡੀ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ।

International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ

# ਪਹਿਲਾ ਨਗਰ ਕੀਰਤਨ 27 ਨੂੰ : ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

**ਅੰਮ੍ਰਿਤਸਰ • ਆਵਾਜ਼ਿ ਕੌਮ ਬਿਊਰੋ**

ਅੱਜ ਇਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਦੀ ਅਗਵਾਈ ਵਿੱਚ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਹੋਰ ਸੰਗਤਾਂ ਸਮੇਤ ਲੰਗਰ ਹਾਲ ਵਿੱਚ ਮਹੀਨਾਵਾਰ ਲੰਗਰ ਦੀ ਸੇਵਾ ਬੜੀ ਸ਼ਰਧਾ ਭਾਵਨਾ ਨਾਲ ਕੀਤੀ ਗਈ। ਅੱਜ ਦਲ ਭੰਜਨ ਗੁਰ ਸੂਰਮਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਧਰਮ ਤੇ ਸਿਆਸਤ ਦੀ ਇਕਜੁਟਤਾ ਲਈ ਧਾਰਨ ਕੀਤੇ ਮੀਰੀ-ਪੀਰੀ ਦੇ ਸੰਕਲਪ ਸਬੰਧੀ ਦਿਹਾੜੇ ਦੀ ਸਮੁੱਚੀ ਸਿੱਖ ਕੌਮ ਨੂੰ ਵਧਾਈ ਦਿੰਦਿਆਂ ਭਾਈ ਜਸਵੀਰ ਸਿੰਘ ਜੀ ਰੋਡੇ ਨੇ ਆਪਣੇ ਸੰਦੇਸ਼ ਵਿੱਚ ਨੌਜਵਾਨਾਂ ਨੂੰ ਅੰਮ੍ਰਿਤ ਛੱਕ ਕੇ ਗੁਰੂ ਸਾਹਿਬ ਦੇ ਲੜ ਲੱਗਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਸੀ ਵਡਭਾਗੇ ਹਾਂ ਕਿ ਸਾਡਾ ਜਨਮ ਗੁਰੂ ਨਾਨਕ ਪਾਤਿਸ਼ਾਹ ਦੀ ਫ਼ਲਵਾੜੀ ਵਿੱਚ ਹੋਇਆ ਹੈ ਜਿਸ ਲਈ ਸਾਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦੇ ਧਾਰਨੀ ਹੋਣਾ ਚਾਹੀਦਾ ਹੈ।

> “* ਕਿਹਾ, ਸਮੁੱਚੇ ਪੰਜਾਬ 'ਚ ਵੱਖ-ਵੱਖ ਥਾਵਾਂ 'ਤੇ 40 ਨਗਰ ਕੀਰਤਨ ਸਜਾਏ ਜਾਣਗੇ
> * ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਲੰਗਰ ਦੀ ਕੀਤੀ ਗਈ ਮਹੀਨਾਵਾਰ ਸੇਵਾ”

ਇਸ ਮੌਕੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਨੇ ਦਸਿਆ ਕਿ ਇਸ ਵਰ੍ਹੇ 24 ਨਵੰਬਰ ਨੂੰ ਜੋ ਹਿੰਦ ਦੀ ਚਾਦਰ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹਾਦਤ ਦਿਹਾੜਾ ਆ ਰਿਹਾ ਹੈ, ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਸੀਸ ਦਾ ਬਲੀਦਾਨ ਦਿਤਾ ਅਤੇ ਇਸ ਮੌਕੇ ਭਾਈ ਮਤੀ ਦਾਸ ਜੀ, ਭਾਈ ਸਤੀ ਰਾਮ ਜੀ ਤੇ ਭਾਈ ਦਿਆਲਾ ਜੀ ਨੇ ਵੀ ਨੌਵੇਂ ਪਾਤਿਸ਼ਾਹ ਦੇ ਨਕਸ਼ੇ ਕਦਮ 'ਤੇ ਚਲਦਿਆਂ ਆਪਣੀਆਂ ਕੁਰਬਾਨੀਆਂ ਦਿਤੀਆਂ, ਉਨ੍ਹਾਂ ਦੀ ਯਾਦ ਵਿੱਚ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਵੱਖ-ਵੱਖ ਅਸਥਾਨਾਂ ਤੋਂ 40 ਨਗਰ ਕੀਰਤਨ ਸਜਾਏ ਜਾ ਰਹੇ ਹਨ। ਸਿੰਘ ਸਾਹਿਬ ਨੇ ਦਸਿਆ ਕਿ ਪਹਿਲਾ ਨਗਰ ਕੀਰਤਨ ਬਾਬਾ ਬਕਾਲਾ ਸਾਹਿਬ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 26 ਸਾਲ 9 ਮਹੀਨੇ ਦੇ ਕਰੀਬ ਰਹੇ, ਦੀ ਪਾਵਨ ਇਤਿਹਾਸਕ ਧਰਤੀ ਤੋਂ 27 ਅਗਸਤ ਨੂੰ ਆਰੰਭ ਹੋ ਕੇ ਸ੍ਰੀ ਖਡੂਰ ਸਾਹਿਬ ਪੁਜੇਗਾ। ਸਿੰਘ ਸਾਹਿਬ ਜੀ ਨੇ ਦਸਿਆ ਕਿ ਇਸ ਸਬੰਧੀ ਯੋਜਨਾਬੰਦੀ ਲਈ ਦੇਸ਼ ਵਿਦੇਸ਼ ਦੀਆਂ ਸੰਗਤਾਂ ਖਾਸ ਕਰਕੇ ਮਾਝੇ ਦੀਆਂ ਸੰਗਤਾਂ, ਗੁਰਦੁਆਰਾ ਕਮੇਟੀਆਂ, ਸੰਤਾਂ ਮਹਾਂਪੁਰਖਾਂ, ਪੰਚਾਇਤਾਂ, ਯੂਥ ਕਲੱਬਾਂ ਆਦਿ ਤੋਂ ਵੀ ਸਹਿਯੋਗ ਲਿਆ ਜਾਵੇਗਾ ਤੇ ਸਭਨਾ ਨੂੰ ਸ਼ਮੂਲੀਅਤ ਦਾ ਸੱਦਾ ਦਿਤਾ ਜਾਏਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਟਰਨੈਸ਼ਨਲ ਪੰਥਕ ਦਲ ਦੇ ਜਥੇ: ਦਲੀਪ ਸਿੰਘ ਚਕਰ ਕਨਵੀਨਰ, ਸੰਤ ਜਤਿੰਦਰ ਸਿੰਘ ਗੋਬਿੰਦ ਬਾਗ ਵਾਲੇ ਕਾਰਜਕਾਰੀ ਪ੍ਰਧਾਨ, ਸੰਤ ਚਰਨਜੀਤ ਸਿੰਘ ਜੱਸੋਵਾਲ ਬੁਲਾਰਾ ਤੇ ਮੈਂਬਰ ਐਸਜੀਪੀਸੀ, ਜਥੇ: ਸਵਰਨਜੀਤ ਸਿੰਘ ਤਰਨਾ ਦਲ ਦੁਆਬਾ, ਬਾਬਾ ਸੱਜਣ ਸਿੰਘ ਮੁੱਖ ਸਲਾਹਕਾਰ, ਬਾਬਾ ਸਤਨਾਮ ਸਿੰਘ ਵਲੀਆਂ ਪ੍ਰਧਾਨ ਧਾਰਮਿਕ ਵਿੰਗ, ਡਾ. ਗੰਮਾ ਸਿੰਘ ਜਨਰਲ ਸਕੱਤਰ ਕਿਸਾਨ ਵਿੰਗ, ਭਾਈ ਹਰਕ੍ਰਿਸ਼ਨ ਸਿੰਘ ਜਗਰਾਵਾਂ, ਭਾਈ ਕੁਲਦੀਪ ਸਿੰਘ ਡੱਲਾ, ਭਾਈ ਜਗਤਾਰ ਸਿੰਘ ਰੋਡੇ ਮੈਂਬਰ ਐਸਜੀਪੀਸੀ, ਭਾਈ ਜਗਸੀਰ ਸਿੰਘ ਰੋਡੇ ਮੀਤ ਪ੍ਰਧਾਨ, ਭਾਈ ਗੁਰਪ੍ਰੀਤ ਸਿੰਘ ਪ੍ਰਧਾਨ ਮੋਗਾ, ਜਥੇ: ਬੂਟਾ ਸਿੰਘ ਰੋਡੇ, ਭਾਈ ਜੋਗਿੰਦਰ ਸਿੰਘ ਫਿਰੋਜ਼ਪੁਰ, ਭਾਈ ਪਿੱਪਲ ਸਿੰਘ, ਬਾਬਾ ਸੁਖਵਿੰਦਰ ਸਿੰਘ ਤੇ ਹੋਰ ਸਖ਼ਸ਼ੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਸੱਭਿਆਚਾਰਕ, ਸਾਹਿਤਕ ਅਤੇ ਸਨਮਾਨ ਸਮਾਰੋਹ ਦਾ ਆਯੋਜਨ

# ਨੈਸ਼ਨਲ ਅਵਾਰਡੀ ਮਾਸਟਰ ਸਤਦੇਵ ਸ਼ਰਮਾ ਵੱਲੋਂ ਲਿਖਤ ਪੰਜਵੀ ਪੁਸਤਕ 'ਮੇਰੀ ਇੰਗਲੈਂਡ ਯਾਤਰਾ' ਤਾੜੀਆਂ ਦੀ ਗੂੰਜ ਵਿੱਚ ਲੋਕ ਅਰਪਣ

**ਸੰਗਰੂਰ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਥਾਨਕ ਮਾਤਾ ਸ੍ਰੀ ਮਨਸਾ ਦੇਵੀ ਮੰਦਿਰ ਨਾਭਾ ਗੇਟ ਵਿਖੇ ਸੰਗਰੂਰ ਸੋਸ਼ਲ ਵੈਲਫੇਅਰ ਐਸੋਸ਼ੀਏਸ਼ਨ ਵੱਲੋਂ ਇੱਕ ਯਾਦਗਾਰੀ, ਸੱਭਿਆਚਾਰਕ, ਸਾਹਿਤਕ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਐਸੋਸ਼ੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਸਮਾਗਮ ਵਿੱਚ ਨੈਸ਼ਨਲ ਅਵਾਰਡੀ ਸਤਦੇਵ ਸ਼ਰਮਾ ਵੱਲੋਂ ਲਿਖਤ ਪੰਜਵੀਂ ਪੁਸਤਕ “ਮੇਰੀ ਇੰਗਲੈਂਡ ਯਾਤਰਾ” ਨੂੰ ਤਾਲੀਆ ਦੀ ਗੂੰਜ ਵਿੱਚ ਲੋਕ ਅਰਪਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਉੱਘੇ ਸਿੱਖਿਆ ਸ਼ਾਸ਼ਤਰੀ ਸਾਬਾਕ ਡੀਨ ਕੁਰੂਕਸ਼ੇਤਰਾਂ ਯੂਨੀਵਰਸਿਟੀ ਅਤੇ ਮੌਜੂਦਾ ਸੀਨੀਅਰ ਸਿਟੀਜਨ ਭਲਾਈ ਸੰਸਥਾ ਦੇ ਪ੍ਰਧਾਨ ਡਾ. ਨਰਵਿੰਦਰ ਕੌਸ਼ਲ ਵੱਲੋਂ ਕੀਤੀ ਗਈ। ਜਦੋਂ ਕਿ ਮੁੱਖ ਮਹਿਮਾਨ ਦੇ ਤੌਰ ਤੇ ਸਾਬਕਾ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਡਾ. ਐਚ.ਐਸ.ਬਾਲੀ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਨੈਸ਼ਨਲ ਅਵਾਰਡੀ ਮੈਡਮ ਕਾਂਤਾ ਗੋਇਲ ਜੋ ਕਿ ਨਗਰ ਕੌਂਸ਼ਲ ਲਹਿਰਾਗਾਗਾ ਦੇ ਪ੍ਰਧਾਨ ਹਨ ਵੱਲੋਂ ਸ਼ਿਰਕਤ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਉੱਘੇ ਲੇਖਕ ਅਤੇ ਸਾਹਿਤਕਾਰ ਡਾ. ਇਕਬਾਲ ਸਿੰਘ ਸਕਰੋਦੀ ਕੁਲਵੰਤ ਸਿੰਘ ਅਕੋਈ, ਉਘੇ ਸਮਾਜ ਸੇਵੀ ਰਵਿੰਦਰ ਸਿੰਘ ਗੁੱਡੂ, ਬਾਪੂ ਰਾਮ ਸਰੂਪ ਅਲੀਸ਼ੇਰ, ਖੱਤਰੀ ਸਭਾ ਪੰਜਾਬ ਦੇ ਪ੍ਰਧਾਨ ਅਤੇ ਸੀਨੀਅਰ ਸਿਟੀਜਨ ਭਲਾਈ ਸੰਸਥਾ ਦੇ ਸਰਪ੍ਰਸਤ ਦਲਜੀਤ ਸਿੰਘ ਜਖ਼ਮੀ ਗੋਰਮਿੰਟ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਯੂਨਿਟ ਸੰਗਰੂਰ ਦੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਸ੍ਰੀ ਬ੍ਰਾਹਮਣ ਸਭਾ ਦੇ ਪ੍ਰਧਾਨ ਜਸਪਾਲ ਸ਼ਰਮਾ, ਐਕਸੀਅਨ ਚਰਨਜੀਤ ਸਿੰਘ, ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਜਸਵੀਰ ਸਿੰਘ ਖ਼ਾਲਸਾ, ਕਰਨੈਲ ਸਿੰਘ ਸੇਖੋਂ, ਕੰਵਲਜੀਤ ਸਿੰਘ, ਦਵਿੰਦਰ ਗੁੱਪਤਾ, ਵਿਪਨ ਮਲਿਕ, ਲਹਿਰਾਗਾਗਾ ਨਿਵਾਸੀ ਸਭਾ ਦਾ ਪ੍ਰਧਾਨ ਰਜਿੰਦਰ ਗੋਇਲ, ਨਰਾਤਾਰਾਮ ਸਿੰਗਲਾ, ਵਿਜੈ ਸਿੰਗਲਾ, ਕੁਲਵੰਤ ਰਾਏ ਬਾਂਸਲ ਆਦਿ ਮੌਜੂਦ ਸਨ। ਸਮਾਗਮ ਦੀ ਸ਼ੁਰੂਆਤ ਸ੍ਰੀ ਨੈਸ਼ਨਲ ਅਵਾਰਡੀ ਸਤਦੇਵ ਸ਼ਰਮਾ, ਮੈਡਮ ਲਾਜ ਦੇਵੀ, ਮੈਡਮ ਕਾਂਤਾ ਗੋਇਲ, ਡਾ. ਨਰਵਿੰਦਰ ਕੌਸ਼ਲ, ਦਲਜੀਤ ਸਿੰਘ ਜਖ਼ਮੀ ਅਤੇ ਰਾਜ ਕੁਮਾਰ ਅਰੋੜਾ, ਰਵਿੰਦਰ ਗੁੱਡੂ ਵੱਲੋਂ ਸਮਾ ਰੋਸ਼ਨ ਕੀਤੀ ਗਈ ਅਤੇ ਮੈਡਮ ਨੀਲਿਮਾ ਸ਼ਰਮਾ, ਨੀਲਮ ਰਜੋਰੀਆ ਅਤੇ ਜਸਪਾਲ ਕੌਰ ਵੱਲੋਂ ਸਰਸਵਤੀ ਵੰਦਨਾ ਅਤੇ ਧਾਰਮਿਕ ਗੀਤ ਗਾਏ ਗਏ। ਇਸ ਉਪਰੰਤ ਸੂਬਾਈ ਪੈਨਸ਼ਨਰ ਆਗੂ ਅਤੇ ਸਮਾਜ ਸੇਵੀ ਸ੍ਰੀ ਰਾਜ ਕੁਮਾਰ ਅਰੋੜਾ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਨਰਵਿੰਦਰ ਕੌਸ਼ਲ ਨੇ ਕਿਹਾ ਕਿ ਨਿਰੋਆ ਸਾਹਿਤ ਸਮਾਜ ਨੂੰ ਸਹੀ ਸੇਧ ਦਿੰਦਾ ਹੈ ਅਤੇ ਪੁਸਤਕਾਂ ਸਮਾਜ ਲਈ ਬਹੁਤ ਹੀ ਲਾਭਦਾਇਕ ਹਨ। ਉਨ੍ਹਾਂ ਕਿਹਾ ਕਿ ਮਾਸਟਰ ਸਤਦੇਵ ਸ਼ਰਮਾ ਵੱਲੋਂ ਲਿਖਿਆਂ ਪੁਸਤਕਾਂ ਬਹੁਤ ਹੀ ਸਲਾਘਾਯੋਗ ਹਨ। ਉਨ੍ਹਾਂ ਦੀਆਂ ਪੁਸਤਕਾਂ ਵਿੱਚ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਮੇਰੀ ਇੰਗਲੈਂਡ ਯਾਤਰਾ ਪੁਸਤਕ ਵਿੱਚ ਉਨ੍ਹਾਂ ਨੇ ਇੰਗਲੈਂਡ ਦੇ ਕਲਚਰ ਬਾਰੇ, ਉੱਥੇ ਰਹਿ ਰਹੇ ਲੋਕਾਂ ਦੇ ਜੀਵਨ ਬਾਰੇ ਅਤੇ ਯਾਤਰਾ ਦੌਰਾਨ ਆਉਂਦੀਆਂ ਮੁਸ਼ਿਕਲਾਂ ਬਾਰੇ ਦੱਸਿਆ।

# ਪੰਜਾਬੀ ਸੂਬਾ ਅਤੇ ਧਰਮ ਯੁੱਧ ਮੋਰਚਿਆਂ ਦੌਰਾਨ ਸਿੱਖਾਂ ਨੇ ਸ਼ਾਂਤਮਈ ਹੱਕ ਮੰਗੇ ਪਰ ਭਾਰਤ ਨੇ ਦੋਵੇਂ ਵਾਰ ਦਰਬਾਰ ਸਾਹਿਬ 'ਤੇ ਹਮਲਾ ਕੀਤਾ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

**ਅੰਮ੍ਰਿਤਸਰ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਿੱਖ ਕੌਮ 1849 ਤੋਂ ਹੀ ਗੁ.ਲਾਮੀ ਹੰਢਾ ਰਹੀ ਹੈ, ਪਹਿਲਾਂ 1849 ਤੋਂ 1947 ਤਕ ਅੰਗਰੇਜ਼ਾਂ ਦੀ ਅਤੇ ਫਿਰ 1947 ਤੋਂ ਹੁਣ ਤੱਕ ਹਿੰਦੂਆਂ ਦੀ ਗੁ.ਲਾਮੀ ਵਿਰੁੱਧ ਅਸੀਂ ਸੰਘਰਸ਼ ਕਰਨ ਲਈ ਮਜ਼ਬੂਰ ਹਾਂ। ਅੰਗਰੇਜ਼ਾਂ ਤੋਂ ਪਹਿਲਾਂ ਸਾਡਾ ਆਪਣਾ ਰਾਜ ਰਿਹਾ ਹੈ, ਜਿਸ ਨੂੰ 'ਖ਼ਾਲਸਾ ਰਾਜ' ਕਿਹਾ ਜਾਂਦਾ ਸੀ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ 1799 ਤੋਂ 1839 ਤਕ ਰਾਜ ਰਿਹਾ ਹੈ ਤੇ 1839 ਵਿੱਚ ਉਹਨਾਂ ਦੇ ਅਕਾਲ ਚਲਾਣੇ ਤੋਂ ਦਸ ਸਾਲ ਬਾਅਦ 1849 ਵਿੱਚ ਅੰਗਰੇਜ਼ ਪੂਰਨ ਤੌਰ 'ਤੇ ਪੰਜਾਬ ਉੱਤੇ ਕਾਬਜ਼ ਹੋ ਗਏ। ਹਿੰਦੂ ਪਹਿਲਾਂ ਮੁਗਲਾਂ ਦੇ ਰਾਜ ਵਿੱਚ ਵੀ ਪਦਵੀਆਂ ਮਾਣਦੇ ਰਹੇ, ਫਿਰ ਅੰਗਰੇਜ਼ਾਂ ਦੀ ਚਾਪਲੂਸੀ ਕਰ-ਕਰ ਕੇ ਕਰੀਬ ਨੌਂ ਸੌ ਸਾਲ ਬਾਅਦ ਹਿੰਦੂ ਭਾਰਤ ਦੇ ਰਾਜੇ ਬਣ ਗਏ ਅਤੇ ਸਿੱਖ, ਹਿੰਦੂਆਂ ਉੱਤੇ ਭਰੋਸਾ ਕਰ ਕੇ ਇੱਕ ਗੁ.ਲਾਮੀ ਤੋਂ ਦੂਜੀ ਗੁ.ਲਾਮੀ ਵਿੱਚ ਫਸ ਗਏ, ਜੋ ਅੱਜ ਵੀ ਜਾਰੀ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸੰਨ 1947 'ਚ ਭਾਰਤ ਦੀ ਅਜ਼ਾਦੀ ਤੋਂ ਬਾਅਦ ਜਦੋਂ ਸਿੱਖਾਂ ਨੇ ਆਪਣੇ ਹੱਕ ਮੰਗੇ ਤਾਂ ਹਿੰਦੂ ਹਾਕਮਾਂ ਨੇ ਕਹਿ ਦਿੱਤਾ ਕਿ 'ਹੁਣ ਸਮਾਂ ਬਦਲ ਚੁੱਕਾ ਹੈ।' ਹਿੰਦੂ ਲੀਡਰ ਆਪਣੇ ਵਾਅਦਿਆਂ ਤੋਂ ਮੁੱਕਰ ਗਏ, ਜਿਸ ਕਰਕੇ ਸਿੱਖਾਂ ਨੂੰ ਦੁਬਾਰਾ ਸੰਘਰਸ਼ਸ਼ੀਲ ਹੋਣਾ ਪਿਆ।



ਪੰਥ ਅਤੇ ਪੰਜਾਬ ਦੇ ਹੱਕਾਂ ਲਈ ਪਹਿਲਾਂ 'ਪੰਜਾਬੀ ਸੂਬਾ ਮੋਰਚਾ' ਤੇ ਫਿਰ 'ਧਰਮ ਯੁੱਧ ਮੋਰਚਾ' ਲੱਗਾ। ਪਰ ਇਹਨਾਂ ਦੋਵੇਂ ਸ਼ਾਂਤਮਈ ਮੋਰਚਿਆਂ ਦੌਰਾਨ ਭਾਰਤ ਸਰਕਾਰ ਨੇ ਸਿੱਖਾਂ ਨੂੰ ਹੱਕ ਦੇਣ ਦੀ ਬਜਾਏ ਦੋਵੇਂ ਵਾਰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। 1955 ਵਾਲ਼ੇ ਹਮਲੇ ਬਾਰੇ ਤਾਂ ਬਹੁਤ ਘੱਟ ਲੋਕ ਜਾਣਦੇ ਹਨ ਪਰ ਜੂਨ 1984 ਵਾਲ਼ਾ ਹਮਲਾ ਤਾਂ ਵੱਡੀ ਉਥਲ-ਪੁਥਲ ਪੈਦਾ ਕਰ ਗਿਆ। ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਨਾਲ਼ ਸਿੱਖਾਂ ਦਾ ਭਾਰਤ ਨਾਲ਼ੋਂ ਰਿਸ਼ਤਾ ਟੁੱਟ ਗਿਆ ਅਤੇ ਸਿੱਖ ਖ਼ਾਲਿਸਤਾਨ ਦੇ ਰਾਹ ਪੈ ਗਏ। ਆਪਣੇ ਵੱਖਰੇ ਦੇਸ਼ ਦੀ ਅਜ਼ਾਦੀ ਲਈ ਸਿੱਖਾਂ ਨੇ ਦਸ ਸਾਲ ਹਥਿਆਰਬੰਦ ਸੰਘਰਸ਼ ਲੜਿਆ ਜਿਸ ਨੂੰ ਦਬਾਉਣ ਲਈ ਭਾਰਤ ਸਰਕਾਰ ਨੇ ਪੂਰੀ ਤਾਕਤ ਝੋਕ ਦਿੱਤੀ ਤੇ ਲਹਿਰ ਵਿੱਚ ਖੜੋਤ ਆ ਗਈ। ਪਰ ਪ੍ਰਭੂਸੱਤਾ ਸੰਪੰਨ ਖ਼ਾਲਿਸਤਾਨ ਦੀ ਆਜ਼ਾਦੀ ਲਈ ਵੱਖ-ਵੱਖ ਤਰੀਕਿਆਂ ਨਾਲ਼ ਸੰਘਰਸ਼ ਅੱਜ ਵੀ ਜਾਰੀ ਹੈ, ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ ਤੇ ਦਿਨੋਂ-ਦਿਨ ਸਿੱਖ ਗੁ.ਲਾਮੀ ਤੋਂ ਅਜ਼ਾਦੀ ਵੱਲ ਵੱਧ ਰਹੇ ਹਨ। ਸਿੱਖ ਰਾਜ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਸੋਨੇ ਵਿੱਚ ਜੜ੍ਹਿਆ ਗਿਆ ਤੇ ਹਿੰਦੂ ਰਾਜ ਵਿੱਚ ਦਰਬਾਰ ਸਾਹਿਬ ਗੋਲ਼ੀਆਂ ਨਾਲ ਛਲਨੀ ਹੋਇਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕੀਤਾ ਗਿਆ। ਉਹਨਾਂ ਕਿਹਾ ਕਿ 1984 ਵਾਲੇ ਹਮਲੇ ਵਾਂਗ 1955 ਵਾਲਾ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਵੀ ਸਿੱਖ ਯਾਦ ਰੱਖਣ, ਜੋ ਭਾਰਤ ਦੀ ਅਜ਼ਾਦੀ ਤੋਂ ਮਹਿਜ਼ ਅੱਠ ਸਾਲ ਬਾਅਦ ਹੀ ਹਿੰਦੂ ਹਾਕਮਾਂ ਵੱਲੋਂ ਕੀਤਾ ਗਿਆ ਸੀ। ਭਾਰਤੀ ਹਾਕਮ ਵੀ ਮੁਗਲ ਹਾਕਮਾਂ ਨਾਲੋਂ ਘੱਟ ਨਹੀਂ ਹਨ, ਉਹ ਸਿੱਖ ਕੌਮ ਨੂੰ ਦਬਾਉਣਾ, ਮੁਕਾਉਣਾ ਅਤੇ ਜਜ਼ਬ ਕਰਨਾ ਚਾਹੁੰਦੇ ਹਨ।

## ਵਾਲੀਆ ਪਰਿਵਾਰ ਨੇ ਖ਼ੂਨਦਾਨ ਕਰਕੇ ਨਿਭਾਇਆ ਇਨਸਾਨੀਅਤ ਦਾ ਫਰਜ਼

# ਪਰਿਵਾਰ ਦੇ ਮੁਖੀ ਸਮਾਜ ਸੇਵੀ ਅਮਿਤ ਵਾਲੀਆ 55 ਵਾਰ ਤੋਂ ਜਿਆਦਾ ਵਾਰ ਕਰ ਚੁੱਕੇ ਹਨ ਖ਼ੂਨਦਾਨ

ਸੰਗਰੂਰ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)- ਸਮਾਜ ਸੇਵੀ ਅਮਿਤ ਵਾਲੀਆ ਅਤੇ ਉਹਨਾਂ ਦੇ ਪਰਿਵਾਰ ਨੇ ਸਥਾਨਕ ਸਿਵਲ ਹਸਪਤਾਲ ਵਿਖੇ ਦਾਖਲ ਮਰੀਜ਼ਾਂ ਦੀ ਸਹਾਇਤਾ ਲਈ ਖ਼ੂਨਦਾਨ ਕਰਕੇ ਆਪਣਾ ਇਨਸਾਨੀਅਤ ਦਾ ਫਰਜ਼ ਨਿਭਾਇਆ ਹੈ। ਜਾਣਕਾਰੀ ਅਨੁਸਾਰ ਹਸਪਤਾਲ ਵਿਖੇ ਦਾਖਲ ਇੱਕ ਕੈਂਸਰ ਪੀੜਿਤ ਮਰੀਜ਼, ਇੱਕ ਗਰਭਵਤੀ ਔਰਤ ਅਤੇ ਸੈੱਲ ਘੱਟ ਹੋਣ ਕਰਕੇ ਦਾਖਲ ਮਰੀਜ਼ ਦੇ ਇਲਾਜ ਲਈ ਖ਼ੂਨਦਾਨ ਦੀ ਲੋੜ ਸੀ, ਜਿਸ ਦੇ ਲਈ ਮਰੀਜ਼ ਦੇ ਰਿਸ਼ਤੇਦਾਰਾਂ ਵੱਲੋਂ ਸਮਾਜ ਸੇਵੀ ਅਮਿਤ ਵਾਲੀਆਂ ਨਾਲ ਸੰਪਰਕ ਕੀਤਾ ਗਿਆ, ਜਿਨ੍ਹਾਂ ਨੇ ਬਿਨ੍ਹਾਂ ਕਿਸੇ ਦੇਰੀ ਤੋਂ ਹਸਪਤਾਲ ਪਹੁੰਚ ਕੇ ਨਾ ਸਿਰਫ ਆਪ ਖ਼ੂਨਦਾਨ ਕੀਤਾ, ਸਗੋਂ ਉਹਨਾਂ ਦੇ ਸਪੁੱਤਰਾਂ ਅੰਸ਼ ਵਾਲੀਆਂ ਅਤੇ ਵੰਸ਼ ਵਾਲੀਆਂ ਨੇ ਵੀ ਆਪਣੀ ਸਵੈਇਛਾ ਨਾਲ ਲੋੜਵੰਦ ਮਰੀਜਾਂ ਦੇ ਇਲਾਜ ਲਈ ਖ਼ੂਨ ਦਾਨ ਕਰਕੇ ਮਨੁੱਖਤਾ ਦੀ ਸੇਵਾ ਦਾ ਫਰਜ਼ ਨਿਭਾਇਆ। ਗੱਲਬਾਤ ਦੌਰਾਨ ਸ਼੍ਰੀ ਅਮਿਤ ਵਾਲੀਆਂ ਨੇ ਕਿਹਾ ਕਿ ਹਰ ਕਿਸੇ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ, ਤਾਂ ਜੋ ਖ਼ੂਨ ਦੀ ਘਾਟ ਕਾਰਨ ਰੋਜ਼ਾਨਾ ਮਰ ਰਹੇ ਮਰੀਜ਼ਾਂ ਨੂੰ ਬਚਾਇਆ ਜਾ ਸਕੇ੍ ਉਹਨਾਂ ਕਿਹਾ ਕਿ ਖ਼ੂਨ ਦਾਨ ਕਰਕੇ ਜਿੱਥੇ ਅਸੀਂ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ ਉੱਥੇ ਹੀ ਆਪਣੇ ਸਰੀਰ ਨੂੰ ਰੋਗ ਮੁਕਤ ਰੱਖਣ ਵਿੱਚ ਵੀ ਸਫਲ ਹੋ ਸਕਦੇ ਹਾਂ। ਇੱਥੇ ਵਰਨਣਯੋਗ ਹੈ ਕਿ ਹੁਣ ਤੱਕ ਸਮਾਜ ਸੇਵੀ ਅਮਿਤ ਵਾਲੀਆਂ 55 ਵਾਰ ਤੋਂ ਜਿਆਦਾ ਖ਼ੂਨਦਾਨ ਕਰ ਚੁੱਕੇ ਹਨ, ਜਦੋਂ ਕਿ ਉਹਨਾਂ ਦੇ ਪੁੱਤਰ ਵੰਸ਼ ਵਾਲੀਆ (ਉਮਰ 20 ਸਾਲ) ਅੱਠ ਵਾਰ ਅਤੇ ਅੰਸ਼ ਵਾਲੀਆ (ਉਮਰ 19 ਸਾਲ) 2 ਵਾਰ ਖ਼ੂਨਦਾਨ ਕਰ ਚੁੱਕੇ ਹਨ। ਕਾਬਲੇ ਤਾਰੀਫ ਹੈ ਕਿ ਆਪਣੇ ਪਤੀ ਸਮਾਜ ਸੇਵੀ ਅਮਿਤ ਵਾਲੀਆ ਅਤੇ ਬੱਚਿਆਂ ਦੀ ਤਰ੍ਹਾਂ ਸ਼੍ਰੀਮਤੀ ਰੀਮਾ ਵਾਲੀਆ ਵੀ ਇਸ ਦੌੜ ਵਿੱਚ ਪਿੱਛੇ ਨਹੀਂ ਹਨ। ਸ਼੍ਰੀਮਤੀ ਵਾਲੀਆ ਵੀ ਹੁਣ ਤੱਕ ਅੱਠ ਵਾਰ ਖ਼ੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾ ਚੁੱਕੇ ਹਨ। ਦੱਸਣ ਯੋਗ ਹੈ ਕਿ ਪੂਰਾ ਵਾਲੀਆ ਪਰਿਵਾਰ ਪਿਛਲੇ ਲੰਬੇ ਸਮੇਂ ਤੋਂ ਸਮਾਜ ਸੇਵਾ ਨੂੰ ਸਮਰਪਿਤ ਹੈ ਅਤੇ ਸਮੇਂ ਸਮੇਂ 'ਤੇ ਲੋੜਵੰਦਾਂ ਦੀ ਸਹਾਇਤਾ ਕਰਕੇ ਆਪਣਾ ਫਰਜ਼ ਨਿਭਾਉਂਦਾ ਰਹਿੰਦਾ ਹੈ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਿਵਲ ਹਸਪਤਾਲ ਖਰੜ ਦਾ ਅਚਨਚੇਤ ਦੌਰਾ

**ਖਰੜ, 5 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅੱਜ ਸਵੇਰੇ ਅਚਨਚੇਤ ਤੌਰ 'ਤੇ ਸਿਵਲ ਹਸਪਤਾਲ ਖਰੜ ਪਹੁੰਚੇ ਅਤੇ ਵੱਖ-ਵੱਖ ਵਿਭਾਗਾਂ ਦੀ ਜਾਂਚ ਕੀਤੀ। ਆਪਣੇ ਦੌਰੇ ਦੌਰਾਨ ਉਨ੍ਹਾਂ ਮਰੀਜ਼ਾਂ ਨਾਲ ਗੱਲ ਕਰਕੇ ਹਸਪਤਾਲ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਸਿੱਧੀ ਜਾਣਕਾਰੀ ਲਈ। ਸਭ ਤੋਂ ਪਹਿਲਾਂ ਉਨ੍ਹਾਂ ਐਮਰਜੈਂਸੀ ਵਾਰਡ 'ਚ ਦਾਖਲ ਮਰੀਜ਼ਾਂ ਨਾਲ ਮੁਲਾਕਾਤ ਕਰ ਸਹੂਲਤਾਂ ਬਾਰੇ ਪੁੱਛਗਿੱਛ ਕੀਤੀ। ਇਸ ਤੋਂ ਬਾਅਦ ਉਹ ਓਪੀਡੀ ਵਿਭਾਗ ਵਿੱਚ ਗਏ, ਜਿੱਥੇ ਉਨ੍ਹਾਂ ਮਰੀਜ਼ਾਂ ਵੱਲੋਂ ਪਰਚੀ ਬਣਾਉਣ ਵਿੱਚ ਹੋ ਰਹੀ ਦੇਰੀ ਤੇ ਲੰਬੀ ਲਾਈਨਾਂ ਬਾਰੇ ਸ਼ਿਕਾਇਤਾਂ ਸੁਣੀਆਂ। ਸਿਹਤ ਮੰਤਰੀ ਨੇ ਤੁਰੰਤ ਐਸਐਮਓ ਨੂੰ ਹੁਕਮ ਦਿੱਤੇ ਕਿ ਇਹ ਪ੍ਰਕਿਰਿਆ ਪੰਜ ਮਿੰਟ ਵਿੱਚ ਮੁਕੰਮਲ ਹੋਣੀ ਚਾਹੀਦੀ ਹੈ ਅਤੇ ਲਾਈਨਾਂ ਘੱਟ ਕਰਨ ਲਈ ਵਾਧੂ ਉਪਰਾਲੇ ਕੀਤੇ ਜਾਣ। ਮੰਤਰੀ ਨੇ ਹਸਪਤਾਲ ਡਿਸਪੈਂਸਰੀ 'ਚ ਮਿਲ ਰਹੀਆਂ ਦਵਾਈਆਂ ਦੀ ਉਪਲਬਧਤਾ ਬਾਰੇ ਵੀ ਮਰੀਜ਼ਾਂ ਤੋਂ ਜਾਣਕਾਰੀ ਲਈ, ਜਿਸ 'ਤੇ ਜ਼ਿਆਦਾਤਰ ਮਰੀਜ਼ ਸੰਤੁਸ਼ਟ ਨਜ਼ਰ ਆਏ।

ਉਨ੍ਹਾਂ ਹਰੇਕ ਡਾਕਟਰ ਦੇ ਕਮਰੇ ਵਿੱਚ ਜਾ ਕੇ ਓਪੀਡੀ ਰਜਿਸਟਰ ਚੈੱਕ ਕੀਤੇ ਅਤੇ ਦਿੱਤੀਆਂ ਜਾ ਰਹੀਆਂ ਦਵਾਈਆਂ ਬਾਰੇ ਪੁੱਛਗਿੱਛ ਕੀਤੀ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 1 ਹਜ਼ਾਰ ਡਾਕਟਰ ਭਰਤੀ ਕੀਤੇ ਗਏ ਹਨ, ਜਿਨ੍ਹਾਂ ਵਿੱਚ 400 ਮਾਹਿਰ ਡਾਕਟਰ ਹਨ। ਇਹ ਭਰਤੀਆਂ ਹਸਪਤਾਲਾਂ ਵਿੱਚ ਸਟਾਫ ਦੀ ਘਾਟ ਨੂੰ ਦੂਰ ਕਰਨ ਲਈ ਕੀਤੀਆਂ ਗਈਆਂ ਹਨ ।ਸਿਹਤ ਮੰਤਰੀ ਨੇ ਦੱਸਿਆ ਕਿ ਸਾਰੇ ਹਸਪਤਾਲਾਂ ਦੀਆਂ ਇਮਾਰਤਾਂ ਦੀ ਰੰਗ-ਰੋਗਨ, ਸਾਫ਼-ਸਫ਼ਾਈ, ਬਾਥਰੂਮਾਂ ਦੀ ਸੁਧਾਰੀ, ਏਸੀ ਵਰਗੀਆਂ ਢਾਂਚਾਗਤ ਸਹੂਲਤਾਂ ਤੇ ਦਵਾਈਆਂ ਦੀ ਪੱਕੀ ਸਪਲਾਈ ਲਈ ਵੀ ਸਰਕਾਰ ਵੱਲੋਂ ਖਾਸ ਧਿਆਨ ਦਿੱਤਾ ਜਾ ਰਿਹਾ ਹੈ।